PSPCL **Punjab State Power Corporation Limited**

(ਦਫ਼ਤਰ:ਉਪ ਮੁੱਖ ਇੰਜੀਨੀਅਰ/ਤਕਨੀਕੀ(ਟੀ-5), ਪਟਿਆਲਾ)।
Email:dysecytech.5@gmail.com ਅਤੇ supdt.tech5@gmail.com

# (SPEAKING ORDER)

(ਦੋਸ ਸੂਚੀ ਦਾ ਫੈਸਲਾ)

ਦਫ਼ਤਰੀ ਹੁਕਮ ਨੰ. ਤ\੭ /ਡੀ-11499/ਤਕਨੀਕੀ-5 ਮਿਤੀ: 13 /06 /2023

ਜਿਵੇਂ ਕਿ ਇੰਜ: ਅਮਨਦੀਪ ਕੌਰ, ਏਈਈ (ਕੋਡ ਨੰ.108463) ਜਦੋ ਉਹ ਵੰਡ (ਪੱਛਮ) ਮੰਡਲ, ਜਲੰਧਰ ਅਧੀਨ ਕਮਰਸ਼ੀਅਲ ਸਬ ਡਵੀਜ਼ਨ ਮਕਸੂਦਾਂ ਵਿਖੇ ਤੈਨਾਤ ਸੀ ਤਾਂ ਉਸ ਵਲੋਂ ਆਪਣੀ ਡਿਊਟੀ ਦੌਰਾਨ ਕੀਤੀਆਂ ਕੁਤਾਹੀਆਂ/ਅਣਗਿਹਲੀਆਂ ਵਜੋਂ ਉਸ ਨੂੰ ਦੋਸ਼ ਸੂਚੀ ਨੰ.60/ਡੀ-11499/ਟੀ-5 ਮਿਤੀ 01.03.2019 ਹੇਠਾਂ ਲਿਖੇ ਦੋਸ਼ਾਂ ਕਾਰਨ ਜਾਰੀ ਕੀਤੀ ਗਈ:-

ਅਧਿਕਾਰੀ ਵਿਰੁੱਧ ਦੋਸ਼:-

ਉਹ (ਇੰਜ:ਅਮਨਦੀਪ ਕੌਰ ਏ.ਈ.ਈ.) ਜਦੋ ਕਮਰਸ਼ੀਅਲ ਉਪ ਮੰਡਲ ਮਕਸੂਦਾਂ-ਜਲੰਧਰ ਵਿਖੇ ਤੈਨਾਤ ਸੀ ਤਾਂ ਉਸ ਦੌਰਾਨ ਵਧੀਕ ਨਿਗ:ਇੰਜ: ਐਮ.ਐਮ.ਟੀ.ਐਸ. 2 ਜਲੰਧਰ ਵਲੋਂ ਮਿਤੀ 24.4.2018 ਨੂੰ ਤਕਨੀਕੀ ਉਪ ਮੰਡਲ-2,ਮਕਸੂਦਾ,ਜਲੰਧਰ ਦੇ ਦਫ਼ਤਰ ਵਿਖੇ visit ਕੀਤਾ ਗਿਆ ਇਸ ਦੌਰਾਨ ਖਾਤਾਨੰ:3003290149 M/S Jalandhar Self Sporting Co.Op. Cold Store Jalandhar_ਦਾ ਕੁਨੈਕਸ਼ਨ ਸਾਹਮਣੇ ਆਇਆ ,ਜ਼ੋਕਿ ਮਿਤੀ 21.4.16 ਨੂੰ ਸਬੰਧਤ ਦਫ਼ਤਰ ਵਲੋ ਜਾਰੀ ਕੀਤਾ ਗਿਆ ਸੀ ਪਰ ਜਿਸ ਦੀ ਕੋਈ ਸੂਚਨਾ ਐਮ.ਐਮ.ਟੀ.ਐਸ-2, ਮੰਡਲ ਜਲੰਧਰ ਨੂੰ ਨਹੀਂ ਭੇਜੀ ਗਈ।ਇਸ ਦੇਰੀ ਨੂੰ ਧਿਆਨ ਵਿੱਚ ਰੱਖਦੇ ਹੋਏ ਇਹ ਕੁਨੈਕਸ਼ਨ ਖਾਤਾ ਨੰ:3003290149 M/S Jalandhar Self Sporting Co.Op. Cold Store Jalandhar_ ਉਸੇ ਦਿਨ ਮਿਤੀ 24.4.2018 ਨੂੰ ਹੀ ਵਧੀਕ ਨਿਗ: ਇੰਜ: ਐਮ.ਐਮ.ਟੀ.ਐਸ-2,ਜਲੰਧਰ ਵਲੋ ਚੈਕ ਕੀਤਾ ਗਿਆ ਪਰ ਰੈਡ ਫੇਸ਼ ਤੇ blinking ਸਹੀ ਨਾ ਹੋਣ ਕਾਰਣ ਕੁਨੈਕਸ਼ਨ ਨੂੰ ਸ਼ੱਕੀ ਮੰਨਦੇ ਹੋਏ, ਉਪ ਮੁੱਖ ਇੰਜੀਨੀਅਰ/ਇੰਨਫੋਰਸਮੈਂਟ,ਜਲੰਧਰ ਨਾਲ ਗੱਲਬਾਤ ਕੀਤੀ ਗਈ , ਜਿਸ ਉਪਰੰਤ ਵਧੀਕ ਨਿਗ: ਇੰਜ: ਇਨਫੋਰਸਮੈਂਟ-1,ਜਲੰਧਰ ਦੀ ਟੀਮ ਵੀ ਮੌਕੇ ਤੇ ਪਹੁੰਚੀ ਅਤੇ ਇਸ ਕੁਨੈਕਸ਼ਨ ਉਨਾਂ ਵਲੋਂ ਸਾਂਝੇ ਤੌਰ ਤੇ ਈ.ਸੀ.ਆਰ. ਨੰ: 17,18 ਅਤੇ 19/252 ਨਾਲ ਚੈਕ ਕੀਤਾ ਗਿਆ ਅਤੇ ਚੈਕਿੰਗ ਦੌਰਾਨ ਖਾਤਾ ਨੰ: 3003290149 ਨੂੰ ਚੋਰੀ ਦਾ ਕੇਸ ਘੋਸ਼ਿਤ ਕੀਤਾ ਗਿਆ । ਜਿਸ ਅਨੁਸਾਰ ਉਸ(ਇੰਜ:ਅਮਨਦੀਪ ਕੌਰ) ਵਲੋ ਆਪਣੀ ਡਿਊਟੀ ਨਿਭਾਉਂਦੇ ਹੋਏ ਹੇਠ ਲਿਖੀਆਂ ਅਣਗਹਿਲੀਆਂ / ਕੁਤਾਹੀਆਂ ਕੀਤੀਆਂ ਗਈਆਂ :-

1. ਉਹ ( ਇੰਜ:ਅਮਨਦੀਪ ਕੌਰ ਏ.ਈ.ਈ.) ਜਦੋ ਕਮਰਸ਼ੀਅਲ ਉਪ ਮੰਡਲ ਮਕਸੂਦਾਂ-ਜਲੰਧਰ ਵਿਖੇ ਤੈਨਾਤ ਸੀ ਤਾਂ, . ਇਹ ਕੁਨੈਕਸ਼ਨ ਰਲੀਜ਼ ਹੋਣ ਤੋ ਬਾਅਦ ਦਾ ਬਿੱਲ ਬਣਨਾ ਸੁਰੂ ਹੋ ਗਿਆ ਸੀ ਅਤੇ ਕੇਸ ਫਾਈਲ ਉਪ ਮੰਡਲ ਤਕਨੀਕੀ ਮਕਸੂਦਾਂ ਪਾਸੋ ਲੈਣੀ ਬਣਦੀ ਸੀ, ਪਰ ਉਸ ਵਲੋ ਅਜਿਹਾ ਨਹੀ ਕੀਤਾ ਗਿਆ। ਇਸ ਲਈ ਉਸ ( ਇੰਜ: ਅਮਨਦੀਪ ਕੌਰ ਏ.ਈ.ਈ.) ਵਿਰੁੱਧ ਅਨੁਸ਼ਾਸ਼ਨੀ ਕਾਰਵਾਈ ਬਣਦੀ ਹੈ।

2. ਉਹ (ਇੰਜ: ਅਮਨਦੀਪ ਕੌਰ ਏ.ਈ.ਈ.) ਜਦੋ ਕਮਰਸ਼ੀਅਲ ਉਪ ਮੰਡਲ ਮਕਸੂਦਾਂ-ਜਲੰਧਰ ਵਿਖੇ ਤੈਨਾਤ ਸੀ, ਤਾਂ ਉਸ ਵਲੋ ਨਵੇਂ ਕੁਨੈਕਸ਼ਨ ਦੀ ਸੂਚਨਾਂ ਸੀਨੀ:ਕਾਰਜਕਾਰੀਇੰਜੀਨੀਅਰ/ਐਮ.ਐਮ.ਟੀ.ਐਸ-2,ਜਲੰਧਰ ਨੂੰ ਨਹੀਂ ਭੇਜੀ ਗਈ, ਜਿਸ ਕਰਕੇ ਉਸ (ਇੰਜ: ਅਮਨਦੀਪ ਕੌਰ ਏ.ਈ.ਈ.) ਵਲੋ ਈ.ਐਸ.ਆਈ.ਐਮ ਦੀ ਧਾਰਾ 25.1(h) ਉਲੰਘਣਾ ਕੀਤੀ ਗਈ। । ਇਸ ਲਈ ਉਸ ( ਇੰਜ: ਅਮਨਦੀਪ ਕੌਰ ਏ.ਈ.ਈ.) ਵਿਰੁੱਧ ਅਨੁਸ਼ਾਸ਼ਨੀ ਕਾਰਵਾਈ ਬਣਦੀ ਹੈ।

3. ਉਸ (ਇੰਜ: ਅਮਨਦੀਪ ਕੌਰ ਏ.ਈ.ਈ.) ਵਲੋ ਅਨਰਜ਼ੀ ਵੇਰੀਏਸ਼ਨ ਰਜਿਸਟਰ ਤਿਆਰ ਨਹੀ ਕੀਤਾ ਗਿਆ ਅਤੇ ਨਾ ਹੀ ਇਸ ਦੀ ਘੋਖ ਕੀਤੀ ਗਈ,ਉਸ (ਇੰਜ: ਅਮਨਦੀਪ ਕੌਰ ਏ.ਈ.ਈ.) ਵਲੋ ਈ.ਐਸ.ਆਈ.ਐਮ ਦੀ ਧਾਰਾ 104.7 ਦੀ ਉਲੰਘਣਾ ਕੀਤੀ ਗਈ। । ਇਸ ਲਈ ਉਸ ( ਇੰਜ: ਅਮਨਦੀਪ ਕੌਰ ਏ.ਈ.ਈ.) ਵਿਰੁੱਧ ਅਨੁਸ਼ਾਸ਼ਨੀ ਕਾਰਵਾਈ ਬਣਦੀ ਹੈ।

ਜਿਵੇਂ ਕਿ ਅਧਿਕਾਰੀ ਨੇ ਉਕਤ ਦੋਸ ਸੂਚੀ ਦਾ ਜਵਾਬ ਦਿੱਤਾ।

ਜਿਵੇਂ ਕਿ ਅਧਿਕਾਰੀ ਵੱਲੋਂ ਦਿੱਤੇ ਗਏ ਜਵਾਬ ਤੇ ਸਬੰਧਤ ਉੱਚ ਅਧਿਕਾਰੀਆਂ ਵੱਲੋਂ ਕੀਤੀਆਂ ਟਿੱਪਣੀਆਂ ਦਾ ਕੰਪਲੀਟ ਕੇਸ ਮਾਨਯੋਗ ਸੀ.ਐਮ.ਡੀ. ਸਾਹਿਬ ਜੀ ਨੂੰ ਪੇਸ਼ ਕੀਤਾ ਗਿਆ ਸੀ। ਮਾਨਯੋਗ ਸੀ.ਐਮ.ਡੀ. ਸਾਹਿਬ ਜੀ ਵੱਲੋਂ ਹੇਠਾਂ ਲਿਖੇ ਅਨੁਸਾਰ ਕਥਨ ਦਰਜ ਕੀਤੇ ਗਏ:-

8/6/23

" Chief Engineer/Thermal Design to conduct Enquiry in this case. Also check the recovery status."

ਉਕਤ ਹੁਕਮਾਂ ਦੀ ਪਾਲਣਾ ਵਿਚ ਦਫ਼ਤਰੀ ਹੁਕਮ ਨੰ. 745 ਮਿਤੀ: 17.12.2020 ਜਾਰੀ ਕੀਤਾ ਗਿਆ।

ਇੰਨਕੁਆਰੀ ਅਫਸਰ ਵੱਲੋਂ ਪੜਤਾਲ ਖਤਮ ਕਰਕੇ ਰਿਪੋਰਟ ਪੱਤਰ ਨੰ: 61 ਮਿਤੀ 19.09.2022 ਨਾਲ ਇਸ ਦਫਤਰ ਨੂੰ ਭੇਜੀ ਗਈ।

ਪੜਤਾਲ ਅਫਸਰ-ਕਮ- ਮੁੱਖ ਇੰਜੀਨੀਅਰ/ਥਰਮਲ ਡੀਜਾਈਨ, ਪਟਿਆਲਾ ਵੱਲੋਂ ਇਸ ਕੇਸ ਸਬੰਧੀ ਕੱਢਿਆ ਗਿਆ ਸਿੱਟਾ ਹੇਠਾਂ ਲਿਖੇ ਅਨੁਸਾਰ ਹੈ:-

ਇੰਜ: ਅਮਨਦੀਪ ਕੌਰ, ਏ.ਈ.ਈ. ਪੱਛਮ ਮੰਡਲ ਜਲੰਧਰ ਵਿਖੇ ਬਤੌਰ ਏ.ਈ.ਈ. ਮਿਤੀ: 06.06.16 ਤੋਂ 15.12.17 ਤੱਕ ਤੈਨਾਤ ਰਹੇ ਸਨ। ਇੰਜ: ਅਮਨਦੀਪ ਕੌਰ, ਏ.ਈ.ਈ. ਇਸ ਕੇਸ ਦੀ ਪੜਤਾਲ ਸਬੰਧੀ ਮਿਤੀ: 18.03.21 ਨੂੰ ਨਿਮਨ ਹਸਤਾਖਰ ਦੀ ਅਦਾਲਤ ਵਿਖੇ ਪੇਸ਼ ਹੋਈ ਅਤੇ ਆਪਣੇ ਮੁੱਢਲੇ ਬਿਆਨ ਦਰਜ ਕਰਵਾਏ ਅਤੇ ਇਸੇ ਦਿਨ ਅਦਾਲਤ ਵੱਲੋਂ ਇੰਜ: ਅਮਨਦੀਪ ਕੌਰ, ਏ.ਈ.ਈ. ਨੂੰ ਇਨਕੁਆਰੀ ਸਬੰਧੀ ਰਿਕਾਰਡ ਵੀ ਸੌਂਪ ਦਿੱਤਾ ਗਿਆ। ਇੰਜ: ਅਮਨਦੀਪ ਕੌਰ, ਏ.ਈ.ਈ. ਵੱਲੋਂ ਇਸ ਵਿਭਾਗੀ ਪੜਤਾਲ ਦੌਰਾਨ ਸ਼੍ਰੀ ਰਾਜੀਵ ਕੁਮਾਰ, ਸੀਨੀਅਰ ਨਿੱਜੀ ਸਕੱਤਰ ਦੀ ਸਹਾਇਤਾ ਲੈਣ ਸਬੰਧੀ ਵੀ ਬਿਨੈ ਪੱਤਰ ਦਿੱਤਾ ਜਿਸਨੂੰ ਪ੍ਰਵਾਨ ਕਰ ਲਿਆ ਗਿਆ। ਪਰੰਤੂ ਮਿਤੀ: 18.03.21 ਤੋਂ ਬਾਅਦ ਇੰਜ: ਅਮਨਦੀਪ ਕੌਰ, ਏ.ਈ.ਈ. ਇਸ ਅਦਾਲਤ ਸਮੁੱਖ ਪੇਸ਼ ਨਹੀਂ ਹੋਈ। ਇਸ ਅਦਾਲਤ ਦੇ ਮੀਮੋਂ ਨੰ: 905/09 ਮਿਤੀ: 15.04.21 ਅਤੇ ਮੀਮੋਂ ਨੰ: 321/23 ਮਿਤੀ: 18.02.22 ਰਾਹੀਂ ਪੇਸ਼ ਹੋਣ ਲਈ ਲਿਖਿਆ ਗਿਆ ਸੀ ਜਿਸਦੇ ਜਵਾਬ ਵਿਚ ਅਧਿਕਾਰਨ ਵੱਲੋਂ ਮਿਤੀ: 24.02.22 ਨੂੰ ਵਟਸਐਪ ਸੰਦੇਸ਼ ਰਾਹੀਂ ਸੂਚਿਤ ਕੀਤਾ ਗਿਆ ਸੀ ਕਿ "I have left job already" । ਇਸਦੇ ਜਵਾਬ ਇਸ ਅਦਾਲਤ ਦੇ ਮੀਮੋਂ ਨੰ: 488 ਮਿਤੀ: 03.03.22, ਮੀਮੋਂ ਨੰ: 494/96 ਮਿਤੀ: 04.03.22, ਮੀਮੋਂ ਨੰ: 565 ਮਿਤੀ: 11.03.22, ਮੀਮੋਂ ਨੰ: 599 ਮਿਤੀ: 17.03.22 ਅਤੇ ਮੀਮੋਂ ਨੰ: 662/63 ਮਿਤੀ: 25.03.22 ਰਾਹੀਂ ਅਧਿਕਾਰਨ ਤੋਂ ਪੁੱਛਿਆ ਗਿਆ ਕਿ ਜੇਕਰ ਤੁਹਾਡਾ ਤਿਆਗ ਪੱਤਰ ਸਮਰੱਥ ਅਧਿਕਾਰੀ ਵੱਲੋਂ ਪ੍ਰਵਾਨ ਹੋ ਚੁੱਕਾ ਹੈ ਤਾਂ ਤੁਰੰਤ ਇਸ ਦਫਤਰ ਨੂੰ ਮੁਹੱਈਆ ਕਰਵਾਇਆ ਜਾਵੇ ਅਤੇ ਜੇਕਰ ਆਪ ਦਾ ਤਿਆਗ ਪੱਤਰ ਪ੍ਰਵਾਨ ਨਹੀਂ ਹੋਇਆ ਹੈ ਤਾਂ ਦਿੱਤੀਆਂ ਤਾਰੀਕਾਂ ਨੂੰ ਵਿਭਾਗੀ ਪੜਤਾਲ ਵਿਚ ਹਾਜਰ ਹੋਣਾ ਯਕੀਨੀ ਬਣਾਇਆ ਜਾਵੇ। ਜਿਸਦੇ ਜਵਾਬ ਵਿਚ ਅਧਿਕਾਰਨ ਵੱਲੋਂ ਮਿਤੀ: 25.03.22 ਨੂੰ ਵਟਸਐਪ ਸੰਦੇਸ਼ ਰਾਹੀਂ ਸੂਚਿਤ ਕੀਤਾ ਗਿਆ ਸੀ ਕਿ "I am not part of department anymore, official number has been submitted long ago. It is my personal number. I have shifted from the given address and travelling around so I am not receiving these letters anymore. My personal should not be spammed anymore as I am no longer working there"। ਇਸ ਵਟਸਐਪ ਸੰਦੇਸ਼ ਤੋਂ ਬਾਅਦ ਅਧਿਕਾਰਨ ਨੇ ਇਸ ਕੋਰਟ ਨੂੰ ਕਦੇ ਵੀ ਸੰਪਰਕ ਨਹੀਂ ਕੀਤਾ। ਇਸ ਵਿਭਾਗੀ ਪੜਤਾਲ ਵਿਚ ਇੰਜ: ਅਮਨਦੀਪ ਕੌਰ, ਏ.ਈ.ਈ. (ਮੁਦਾਲਾ) ਵੱਲੋਂ ਗਵਾਹ ਨੂੰ ਕਰਾਸ ਨਹੀਂ ਕੀਤਾ ਗਿਆ, ਨਾ ਹੀ ਆਪਣੀ ਡਿਫੈਂਸ ਸਟੇਟਮੈਂਟ ਦਿੱਤੀ ਗਈ ਅਤੇ ਨਾ ਹੀ ਪੇਸ਼ਕਸ਼ ਅਫਸਰ ਵੱਲੋਂ ਕਰਾਸ ਏਗਜ਼ਾਮਿਨ ਕੀਤਾ ਗਿਆ।

ਉਕਤ ਹਾਲਾਤਾਂ ਨੂੰ ਮੁੱਖ ਰੱਖਦੇ ਹੋਏ ਇੰਜ: ਅਮਨਦੀਪ ਕੌਰ, ਏ.ਈ.ਈ. (ਮੁਦਾਲਾ) ਦੇ ਵਟਸਐਪ ਸੰਦੇਸ਼ਾਂ ਅਨੁਸਾਰ ਕਿ ਉਸ ਵੱਲੋਂ ਪਾਵਰ ਕਾਮ ਦੀ ਨੌਕਰੀ ਛੱਡ ਦਿੱਤੀ ਗਈ ਹੈ ਅਤੇ ਇਸ ਅਦਾਲਤ ਸਮੁੱਖ ਤਿਆਗ ਪੱਤਰ ਦੀ ਮੰਨਜੂਰਸ਼ੁਦਾ ਕਾਪੀ ਨਾ ਹੋਣ ਕਾਰਨ, ਇਸ ਕੇਸ ਵਿਚ ਹੋਰ ਮੁਦਾਲੇ/ਗਵਾਹ ਅਤੇ ਅਧਿਕਾਰਨ ਵਿਰੁੱਧ ਤਿਆਰ ਕੀਤੀ ਦੋਸ਼ ਸੂਚੀ ਨੂੰ ਘੋਖਦੇ ਹੋਏ ਇੰਜ: ਅਮਨਦੀਪ ਕੌਰ, ਏ.ਈ.ਈ. ਨੂੰ ਜਾਰੀ ਹੋਈ ਦੋਸ਼ ਸੂਚੀ ਨੰ: 60 ਮਿਤੀ: 01.03.19 ਵਿਰੁੱਧ ਇੱਕ ਤਰਫਾ ਦੋਸ਼ਾਂ ਦੀ ਪੜਤਾਲ ਮੁਕੰਮਲ ਕੀਤੀ ਗਈ। ਇੰਜ: ਅਮਨਦੀਪ ਕੌਰ, ਏ.ਈ.ਈ. ਨੂੰ ਜਾਰੀ ਹੋਈ ਦੋਸ਼ ਸੂਚੀ ਵਿਚ ਇਲਜ਼ਾਮ ਹੈ ਕਿ:

1. ਇੰਜ:ਅਮਨਦੀਪ ਕੌਰ ,ਏ,.ਈ.ਈ ਜਦੋ ਕਮਰਸ਼ੀਅਲ ਉੱਪ ਮੰਡਲ, ਮਕਸੂਦਾ ਮੰਡਲ, ਜਲੰਧਰ ਵਿਖੇ ਤੈਨਾਤ ਸੀ, ਤਾਂ ਇਹ ਕੁਨੈਕਸ਼ਨ ਰਲੀਜ ਹੋਣ ਤੋਂ ਬਾਅਦ ਦਾ ਬਿਲ ਬਨਣਾ ਸ਼ੁਰੂ ਹੋ ਗਿਆ ਸੀ ਅਤੇ ਕੇਸ/ ਫਾਈਲ ਉੱਪ ਮੰਡਲ, ਮਕਸੂਦਾ ਮੰਡਲ, ਜਲੰਧਰ ਪਾਸੋਂ ਲੈਣੀ ਬਣਦੀ ਸੀ, ਪਰ ਉਸ ਵਲੋਂ ਅਜਿਹਾ ਨਹੀ ਕੀਤਾ ਗਿਆ। ਇਸ ਸਬੰਧੀ ਪੜਤਾਲ ਅਨੁਸਾਰ ਪਤਾ ਲਗਦਾ ਹੈ ਕਿ ਇਸ ਸਬੰਧੀ ਇਸ ਕੇਸ ਵਿਚ ਹੋਰ ਮੁਦਾਲਿਆ ਨੂੰ ਕਰਾਸ ਏਗਜ਼ਾਮਿਨ ਦੌਰਾਨ ਪਤਾ ਲੱਗਾ ਹੈ ਕਿ M/s Jalandhar Self Sporting Co.Op.Cold Store Jalandhar ਦਾ ਕੁਨੈਕਸ਼ਨ ਮਿਤੀ: 17.05.16 ਨੂੰ ਚਾੱਲੂ ਕਰ ਦਿੱਤਾ ਗਿਆ ਸੀ ਅਤੇ ਕਮਰਸ਼ੀਅਲ ਉਪ ਮੰਡਲ ਵੱਲੋਂ ਇਸ ਖਪਤਕਾਰ ਦਾ ਪਹਿਲਾ ਬਿੱਲ ਮਿਤੀ: 21.06.16 ਨੂੰ ਬਣਾ ਦਿੱਤਾ ਸੀ, ਪਰੰਤੂ ਕੇਸ ਫਾਈਲ ਮਿਤੀ: 29.05.18

ਨੂੰ ਇੰਜ: ਗੁਰਵਿੰਦਰ ਸਿੰਘ, ਜੇ.ਈ. ਦੀ ਕਸਟਡੀ ਵਿਚੋਂ ਪ੍ਰਾਪਤ ਹੋਈ। ਇੰਜ:ਅਮਨਦੀਪ ਕੌਰ ,ਏ,.ਈ.ਈ ਵੱਲੋਂ ਸਬੰਧਤ ਕੇਸ ਫਾਈਲ ਨੂੰ ਪ੍ਰਾਪਤ ਕਰਨ ਲਈ ਜ਼ਰੂਰੀ ਉਪਰਾਲੇ ਨਹੀਂ ਕੀਤੇ ਗਏ, ਇਸ ਲਈ ਇਸ ਇਲਜ਼ਾਮ ਵਿਚ ਇੰਜ:ਅਮਨਦੀਪ ਕੌਰ ,ਏ,.ਈ.ਈ ਨੂੰ ਅਸਿੱਧੇ ਤੌਰ ਤੇ ਜਿੰਮੇਵਾਰ ਠਹਿਰਾਇਆ ਜਾਂਦਾ ਹੈ।

2. ਇੰਜ:ਅਮਨਦੀਪ ਕੌਰ ,ਏ,.ਈ.ਈ ਜਦੋਂ ਕਮਰਸ਼ੀਅਲ ਉੱਪ ਮੰਡਲ, ਮਕਸੂਦਾ ਮੰਡਲ, ਜਲੰਧਰ ਵਿਖੇ ਤੈਨਾਤ ਸੀ, ਤਾਂ ਉਸ ਵਲੋਂ ਇਸ ਕੁਨੈਕਸ਼ਨ ਦੀ ਸੂਚਨਾ ਸੀ.ਕਾ:ਕਾ:ਇੰਜ:ਐਮ.ਐਮ.ਟੀ.ਐਸ.2, ਜਲੰਧਰ ਨੂੰ ਨਹੀ ਭੇਜੀ ਗਈ। ਇਸ ਲਈ ਉਸ (ਇੰਜ:ਅਮਨਦੀਪ ਕੌਰ,ਏ.ਈ.ਈ) ਵੱਲੋਂ ESIM ਦੀ ਧਾਰਾ 25.1 (h) ਦੀ ਉਲੰਘਣਾ ਕੀਤੀ ਗਈ। ਇਸ ਲਈ ਉਸ (ਇੰਜ:ਅਮਨਦੀਪ ਕੌਰ ,ਏ.ਈ.ਈ) ਵਿਰੁੱਧ ਅਨੁਸ਼ਾਸ਼ਨੀ ਕਾਰਵਾਈ ਬਣਦੀ ਹੈ। ਇਸ ਸਬੰਧੀ ਪੜਤਾਲ ਅਨੁਸਾਰ ਪਤਾ ਲਗਦਾ ਹੈ ਕਿ ਇਹ ਸੂਚਨਾ ਭਾਵੇਂ ਸਿੱਧੇ ਤੌਰ ਤੇ ਐਮ.ਐਮ.ਟੀ.ਐਸ-2 ਨੂੰ ਨਹੀਂ ਦਿੱਤੀ ਗਈ ਪਰੰਤੂ ਟੀ.ਓ.ਡੀ. ਸਰਚਾਰਜ ਮਹੀਨਾ 08/2016 ਅਤੇ 09/2016 ਦੀ ਸੂਚਨਾ ਐਮ.ਐਮ.ਟੀ.ਐਸ-2, ਜਲੰਧਰ ਨੂੰ ਈ-ਮੇਲ ਰਾਹੀਂ ਭੇਜਣ ਸਮੇਂ ਹੋਰ ਐਲ.ਐਸ. ਕੁਨੈਕਸ਼ਨਾ ਦੇ ਨਾਲ M/s Jalandhar Self Sporting Co.Op.Cold Store Jalandhar ਦੀ ਸੂਚਨਾ ਭੇਜੀ ਗਈ ਸੀ। ਇਸ ਕੇਸ ਵਿਚ ਇੰਜ:ਅਮਨਦੀਪ ਕੌਰ,ਏ.ਈ.ਈ ਨੇ ਐਮ.ਐਮ.ਟੀ.ਐਸ-2 ਨੂੰ ਇਸ ਕੁਨੈਕਸ਼ਨ ਦੀ ਰਲੀਜ਼ ਹੋਣ ਦੀ ਜਾਣਕਾਰੀ ਭੇਜਣੀ ਬਣਦੀ ਸੀ, ਇਸ ਲਈ ਇਸ ਇਲਜ਼ਾਮ ਵਿਚ ਇੰਜ:ਅਮਨਦੀਪ ਕੌਰ ,ਏ,.ਈ.ਈ ਨੂੰ ਅਸਿੱਧੇ ਤੌਰ ਤੇ ਜਿੰਮੇਵਾਰ ਠਹਿਰਾਇਆ ਜਾਂਦਾ ਹੈ।

3. ਇੰਜ:ਅਮਨਦੀਪ ਕੌਰ,ਏ.ਈ.ਈ ਵਲੋਂ ਅਨਰਜੀ ਵੈਰੀਏਸ਼ਨ ਰਜਿਸਟਰ ਤਿਆਰ ਨਹੀ ਕੀਤਾ ਗਿਆ ਅਤੇ ਨਾ ਹੀ ਇਸ ਦੀ ਘੋਖ ਕੀਤੀ ਗਈ, ਉਸ (ਇੰਜ:ਅਮਨਦੀਪ ਕੌਰ,ਏ.ਈ.ਈ) ਵੱਲੋ ESIM ਦੀ ਧਾਰਾ 104.7 ਦੀ ਉਲੰਘਣਾ ਕੀਤੀ ਗਈ। ਇਸ ਲਈ ਉਸ (ਇੰਜ:ਅਮਨਦੀਪ ਕੌਰ ,ਏ.ਈ.ਈ) ਵਿਰੁੱਧ ਅਨੁਸ਼ਾਸ਼ਨੀ ਕਾਰਵਾਈ ਬਣਦੀ ਹੈ। ਇਸ ਸਬੰਧੀ ਪੜਤਾਲ ਅਨੁਸਾਰ ਪਤਾ ਲਗਦਾ ਹੈ ਕਿ ਐਨਰਜੀ ਵੇਰ੍ਹੀਏਸ਼ਨ ਰਜਿਸਟਰ ਇੱਕ ਬਹੁਤ ਜ਼ਰੂਰੀ ਰਿਕਾਰਡ ਹੈ ਅਤੇ ਅਧਿਕਾਰਨ ਨੂੰ ਜਾਰੀ ਹੋਈ ਦੋਸ਼ ਸੂਚੀ ਵਿਚ ਐਨਰਜੀ ਵੇਰੀਏਸ਼ਨ ਰਜਿਸਟਰ ਨਾ ਮੇਨਟੇਨ ਕਰਨ ਦਾ ਦੋਸ਼ੀ ਪਾਇਆ ਹੈ। ਇਸ ਲਈ ਇਹ ਇਲਜ਼ਾਮ ਵਿਚ ਇੰਜ:ਅਮਨਦੀਪ ਕੌਰ ,ਏ,.ਈ.ਈ ਨੂੰ ਦੋਸ਼ੀ ਠਹਿਰਾਇਆ ਜਾਂਦਾ ਹੈ।

ਪੜਤਾਲ ਰਿਪੋਰਟ ਦੀ ਇੱਕ ਕਾਪੀ ਅਧਿਕਾਰੀ ਨੂੰ ਰਿਬਟਲ ਦੇਣ ਲਈ ਇਸ ਦਫ਼ਤਰ ਵੱਲੋਂ ਮੀਮੋ ਨੰ. 5226/30 ਮਿਤੀ 06.10.2022 ਨਾਲ ਭੇਜਦੇ ਹੋਏ, ਰਿਬਟਲ ਇੱਕ ਮਹੀਨੇ ਦੇ ਅੰਦਰ ਅੰਦਰ ਦੇਣ ਲਈ ਲਿਖਿਆ ਗਿਆ, ਪਰੰਤੂ ਅਧਿਕਾਰੀ ਵੱਲੋਂ ਰਿਬਟਲ ਪੇਸ਼ ਨਹੀਂ ਕੀਤਾ ਗਿਆ। ਇਸ ਉਪਰੰਤ ਕੇਸ ਮਾਨਯੋਗ ਸੀ.ਐਮ.ਡੀ. ਜੀ ਨੂੰ ਫੈਂਸਲੇ ਲਈ ਪੇਸ਼ ਕੀਤਾ ਗਿਆ। ਕੇਸ ਦੇ ਹੋਰ ਸਾਰੇ ਤੱਥਾਂ ਨੂੰ ਵਿਚਾਰਨ ਉਪਰੰਤ ਮਾਨਯੋਗ ਸੀ.ਐਮ.ਡੀ. ਜੀ ਵੱਲੋਂ ਹੇਠਾਂ ਲਿਖੇ ਅਨੁਸਾਰ ਕਥਨ ਦਰਜ ਕੀਤੇ ਗਏ:-

> " Er. D.I.P.S.Grewal, Director/Distribution to give personal hearing to the officers/officials and put up with his comments/observations."

ਨਿਰਦੇਸ਼ਕ/ਵੰਡ ਜੀ ਵੱਲੋ ਅਧਿਕਾਰੀ ਨੂੰ ਦੋ ਵਾਰ ਮਿਤੀ 03.02.2023 ਅਤੇ 07.03.2023 ਨੂੰ ਨਿੱਜੀ ਸੁਣਵਾਈ ਲਈ ਬੁਲਾਇਆ ਗਿਆ, ਪਰੰਤੂ ਅਧਿਕਾਰੀ ਕਿਸੇ ਵੀ ਮਿਤੀ ਤੇ ਨਿੱਜੀ ਸੁਣਵਾਈ ਲਈ ਪੇਸ਼ ਨਹੀਂ ਹੋਇਆ। ਕੇਸ ਦੇ ਤੱਥਾਂ ਨੂੰ ਧਿਆਨ ਵਿਚ ਰੱਖਦੇ ਹੋਏ ਨਿਰਦੇਸ਼ਕ ਵੰਡ ਜੀ ਵੱਲੋਂ ਹੇਠ ਅਨੁਸਾਰ ਆਪਣੀ ਟਿਪਣੀ ਦਿੱਤੀ ਗਈ:-

> " ਨਿਮਨਹਸਤਾਖਰ ਵੱਲੋਂ ਅਧਿਕਾਰੀ ਦੇ ਇਸ ਦੋਸ਼ ਸੂਚੀ ਤੇ ਦਿੱਤੇ ਜਵਾਬ, ਇਸ ਤੇ ਟਿਪਣੀਆਂ ਅਤੇ ਇਸ ਮਾਮਲੇ ਵਿਚ ਕੀਤੀ ਗਈ ਵਿਭਾਗੀ ਪੜਤਾਲ ਦੀ ਰਿਪੋਰਟ ਵਿਚਾਰੀ ਗਈ ਅਤੇ ਪਾਇਆ ਗਿਆ ਕਿ ਇੰਜ: ਅਮਨਦੀਪ ਕੌਰ, ਏ.ਈ.ਈ. ਵੱਲੋਂ ਖਪਤਕਾਰ ਕੇਸ ਦੀ ਫਾਈਲ ਪ੍ਰਾਪਤ ਕਰਨ ਲਈ ਕੋਈ ਠੋਸ ਉਪਰਾਲੇ ਨਹੀਂ ਕੀਤੇ ਗਏ। ਅਧਿਕਾਰੀ ਨੇ ਇਸ ਕੁਨੈਕਸ਼ਨ ਦੇ ਰਲੀਜ਼ ਹੋਣ ਦੀ ਸੂਚਨਾ ਐਮ.ਐਮ.ਟੀ.ਐਸ.ਨੂੰ ਨਹੀਂ ਭੇਜੀ ਅਤੇ ਨਾ ਹੀ ਐਨਰਜ਼ੀ ਵੈਰੀਏਸ਼ਨ ਰਜਿਸਟਰ ਮੇਨਟੇਨ ਕੀਤਾ। ਜਦੋਂ ਕਿ ਐਨਰਜ਼ੀ ਵੈਰੀਏਸ਼ਨ ਰਜਿਸਟਰ ਇੱਕ ਬਹੁਤ ਹੀ ਜਰੂਰੀ ਅਤੇ ਮਹੱਤਵਪੂਰਨ ਰਿਕਾਰਡ ਹੈ। ਇਹਨਾਂ ਅਣਗਹਿਲੀਆਂ ਲਈ ਅਧਿਕਾਰੀ ਤੇ ਲੱਗੇ ਦੋਸ਼ ਸਿੱਧ ਹੁੰਦੇ ਹਨ ਅਤੇ ਅਧਿਕਾਰੀ ਦੋਸ਼ਾਂ ਪ੍ਰਤੀ ਜਿੰਮੇਵਾਰ ਹੈ।"

8/6/23

ਇਸ ਉਪਰੰਤ ਨਿਰਦੇਸ਼ਕ/ਵੰਡ ਜੀ ਦੀ ਟਿਪਣੀ ਸਹਿਤ ਮਿਸਲ ਮਾਨਯੋਗ ਸੀ.ਐਮ.ਡੀ. ਜੀ ਦੇ ਸਨਮੁੱਖ ਪੇਸ਼ ਕੀਤੀ ਗਈ ਅਤੇ ਮਾਨਯੋਗ ਸੀ.ਐਮ.ਡੀ. ਜੀ ਵੱਲੋਂ ਨਿਰਦੇਸ਼ਕ/ਵੰਡ ਜੀ ਦੀ ਟਿਪਣੀ ਅਤੇ ਕੇਸ ਦੇ ਹੋਰ ਸਾਰੇ ਤੱਥਾਂ ਨੂੰ ਵਿਚਾਰਨ ਉਪਰੰਤ ਹੇਠਾਂ ਲਿਖੇ ਅਨੁਸਾਰ ਫੈਂਸਲਾ ਕੀਤਾ ਗਿਆ:-

ਇਸ ਕੇਸ ਵਿੱਚ ਵਧੀਕ ਨਿਗ:ਇੰਜ:/ਐਮ.ਐਮ.ਟੀ.ਐਸ-2 ਜਲੰਧਰ ਵੱਲੋਂ ਮਿਤੀ 24.04.2018 ਨੂੰ ਉਪ ਮੰਡਲ ਟੀ-2 ਮਕਸੂਦਾ ਪੱਛਮ ਮੰਡਲ ਜਲੰਧਰ ਦੇ ਦਫਤਰ ਵਿੱਚ TOD-2017 ਦੀ ਉਗਰਾਹੀ ਯੋਗ ਰਕਮ ਦੇ ਸਬੰਧ ਵਿੱਚ visit ਕੀਤਾ ਗਿਆ ਸੀ। ਇਸ ਦੌਰਾਨ ਖਾਤਾ ਨੰ: 3003290149 M/s Jalandhar Self Sporting Co. Op. Cold Store ਦਾ ਕੁਨੈਕਸ਼ਨ ਸਾਹਮਣੇ ਆਇਆ ਜ਼ੋ ਕਿ ਮਿਤੀ 21.04.2016 ਨੂੰ ਸਬੰਧਤ ਦਫਤਰ ਵੱਲੋਂ ਜਾਰੀ ਕੀਤਾ ਗਿਆ ਸੀ ਪਰ ਜਿਸ ਦੀ ਕੋਈ ਸੂਚਨਾ ਐਮ.ਐਮ.ਟੀ.ਐਸ ਨੰ: 2 ਜਲੰਧਰ ਦਫਤਰ ਨੂੰ ਨਹੀਂ ਦਿਤੀ ਗਈ ਸੀ। ਇਸ delay ਨੂੰ ਧਿਆਨ ਵਿੱਚ ਰੱਖਦੇ ਹੋਏ ਇਹ M/s Jalandhar Self Sporting Co. Op. Cold Store New grain market Jalandhar A/c no. 3003290149 ਦਾ ਕੁਨੈਕਸ਼ਨ ਉਸੇ ਦਿਨ ਮਿਤੀ 24.4.2018 ਨੂੰ ਹੀ ਵਧੀਕ ਨਿਗ:ਇੰਜ:/ਐਮ.ਐਮ.ਟੀ.ਐਸ -2 ਜਲੰਧਰ ਵੱਲੋਂ ਚੈਕ ਕੀਤਾ ਗਿਆ ਪਰ ਰੈਡ ਫੇਸ ਤੇ blinking ਸਹੀ ਨਾ ਹੋਣ ਕਾਰਨ ਕੁਨੈਕਸ਼ਨ ਨੂੰ ਸ਼ੱਕੀ ਮੰਨਦੇ ਹੋਏ ਉਪ ਮੁੱਖ ਇੰਜ:/ਇੰਨਫੋ. ਜਲੰਧਰ ਨਾਲ ਗੱਲਬਾਤ ਕੀਤੀ ਗਈ ਜਿਸ ਉਪਰੰਤ ਵਧੀਕ ਨਿਗ:ਇੰਜ:/ਇੰਨਫੋ-1 ਜਲੰਧਰ ਦੀ ਟੀਮ ਵੀ ਮੌਕੇ ਤੇ ਪਹੁੰਚੀ ਅਤੇ ਇਹ ਕੁਨੈਕਸ਼ਨ ਉਨ੍ਹਾਂ ਵੱਲੋਂ ਸਾਂਝੇ ਤੌਰ ਤੇ ਚੈਕ ਕੀਤਾ ਗਿਆ ਅਤੇ ਚੈਕਿੰਗ ਦੌਰਾਨ ਖਾਤਾ ਨੰ: 3003290149 ਨੂੰ ਚੋਰੀ ਦਾ ਕੇਸ ਘੋਸ਼ਿਤ ਕੀਤਾ ਗਿਆ।

ਇਸ ਕੇਸ ਵਿੱਚ ਕੀਤੀਆਂ ਗਈਆਂ ਅਣਗਹਿਲੀਆਂ ਕਾਰਨ ਅਧਿਕਾਰੀਆਂ/ਕਰਮਚਾਰੀਆਂ ਨੂੰ ਸੀ.ਐਮ.ਡੀ ਜੀ ਦੀ ਪ੍ਰਵਾਨਗੀ ਨਾਲ ਦੋਸ਼ ਸੂਚੀਆ ਜਾਰੀ ਕੀਤੀਆਂ ਗਈਆ ਸਨ।

ਅਧਿਕਾਰੀ/ਕਰਮਚਾਰੀ ਵੱਲੋਂ ਜਾਰੀ ਇਨ੍ਹਾਂ ਦੋਸ਼ ਸੂਚੀਆਂ ਦੇ ਜੁਆਬ ਤੇ ਉਨ੍ਹਾਂ ਦੇ ਕੰਟਰੋਲਿਗ ਅਧਿਕਾਰੀਆਂ ਵੱਲੋਂ ਕੀਤੀਆਂ ਆਪਣੀਆਂ ਟਿਪਣੀਆਂ ਅਤੇ ਮੁੱਖ ਇੰਜ:/ਥਰਮਲ ਡਿਜਾਇਨ ਪਟਿਆਲਾ ਵੱਲੋਂ ਕੀਤੀ ਵਿਭਾਗੀ ਪੜਤਾਲ ਦੀ ਰਿਪੋਰਟ ਅਤੇ ਡਾਇਰੈਕਟਰ/ਡੀ ਵੱਲੋਂ ਕੀਤੀ ਗਈ ਨਿੱਜੀ ਸੁਣਵਾਈ ਦੇ ਨਤੀਜੇ ਅਤੇ ਫਾਇਲ ਵਿੱਚ ਦਰਸਾਏ ਤੱਥਾ ਨੂੰ ਧਿਆਨ ਵਿੱਚ ਰੱਖਦੇ ਹੋਏ ਨਿਮਨ ਹਸਤਾਖਰ ਇਸ ਨਤੀਜੇ ਤੇ ਪਹੁੰਚੇ ਹਨ ਕਿ -

**ਇੰਜ: ਅਮਨਦੀਪ ਕੌਰ, ਏਈਈ, ਕੋਡ ਨੰ: 108463, ਦੋਸ਼ ਸੂਚੀ ਨੰ: 60 ਮਿਤੀ 01.03.2019, ਰਿਟਾਇਰਮੈਂਟ ਮਿਤੀ 28.02.2043**

ਦੋਸ਼ਾ ਦਾ ਵੇਰਵਾ:- ਅਧਿਕਾਰੀ ਦੀ ਮਿਤੀ 06.06.2016 ਤੋਂ 15.12.2017 ਤੱਕ ਉਪ ਮੰਡਲ ਮਕਸੂਦਾ ਜਲੰਧਰ ਵਿਖੇ ਬਤੌਰ ਏਈਈ ਤੈਨਾਤੀ ਸੀ ਤਾਂ ਉਸ ਵਲੋਂ ਆਪਣੀ ਡਿਊਟੀ ਦੌਰਾਨ ਹੇਠ ਲਿਖੀਆਂ ਕੁਤਾਹੀਆਂ/ ਅਣਗਹਿਲੀਆਂ ਕੀਤੀਆਂ ਜ਼ੋ ਕਿ ਉਸ ਵਿਰੁਧ ਅਨੁਸ਼ਾਸ਼ਨੀ ਕਾਰਵਾਈ ਦੀ ਮੰਗ ਕਰਦੀਆਂ ਹਨ:-

ਅਧਿਕਾਰੀ ਜਦੋਂ ਕਮਰਸ਼ੀਅਲ ਉਪ ਮੰਡਲ ਮਕਸੂਦਾ ਜਲੰਧਰ ਵਿਖੇ ਤੈਨਾਤ ਸੀ ਤਾਂ ਉਸ ਦੌਰਾਨ ਵਧੀਕ ਨਿਗ: ਇੰਜ:/ਐਮ.ਐਮ.ਈ.ਐਸ-2 ਜਲੰਧਰ ਵਲੋਂ ਮਿਤੀ 24.04.2018 ਨੂੰ ਤਕਨੀਕੀ ਉਪ ਮੰਡਲ-2 ਮਕਸੂਦਾ ਜਲੰਧਰ ਦੇ ਦਫਤਰ ਵਿਖੇ visit ਕੀਤਾ ਗਿਆ ਇਸ ਦੌਰਾਨ ਖਾਤਾ ਨੰ: 30003290149 M/s Jalandhar Self Sporting Co.Op Cold Store Jalandhar ਦਾ ਕੁਨੈਕਸ਼ਨ ਸਾਹਮਣੇ ਆਇਆ ਜ਼ੋ ਕਿ ਮਿਤੀ 21.04.2016 ਨੂੰ ਸਬੰਧਤ ਦਫਤਰ ਵੱਲੋਂ ਜਾਰੀ ਕੀਤਾ ਗਿਆ ਸੀ ਪਰ ਜਿਸ ਦੀ ਕੋਈ ਸੂਚਨਾ ਐਮ.ਐਮ.ਟੀ.ਐਸ-2 ਮੰਡਲ ਜਲੰਧਰ ਨੂੰ ਨਹੀਂ ਭੇਜੀ ਗਈ। ਇਸ ਦੇਰੀ ਨੂੰ ਧਿਆਨ ਵਿੱਚ ਰੱਖਦੇ ਹੋਏ ਇਹ ਕੁਨੈਕਸ਼ਨ ਖਾਤਾ ਨੰ: 30003290149 (M/s Jalandhar Self Sporting Co.Op Cold Store Jalandhar) ਉਸੇ ਦਿਨ ਮਿਤੀ 24.04.2018 ਨੂੰ ਵਧੀਕ ਨਿਗ:ਇੰਜ:/ਐਮ.ਐਮ.ਟੀ.ਐਸ -2 ਜਲੰਧਰ ਵੱਲੋਂ ਚੈਕ ਕੀਤਾ ਗਿਆ ਪਰ ਰੈਡ ਫੇਸ ਤੇ blinking ਸਹੀ ਨਾ ਹੋਣ ਕਾਰਨ ਕੁਨੈਕਸ਼ਨ ਨੂੰ ਸ਼ੱਕੀ ਮੰਨਦੇ ਹੋਏ ਉਪ ਮੁੱਖ ਇੰਜ:/ਇੰਨਫੋ. ਜਲੰਧਰ ਨਾਲ ਗੱਲਬਾਤ ਕੀਤੀ ਗਈ ਜਿਸ ਉਪਰੰਤ ਵਧੀਕ ਨਿਗ:ਇੰਜ:/ਇੰਨਫੋ-1 ਜਲੰਧਰ ਦੀ ਟੀਮ ਵੀ ਮੌਕੇ ਤੇ ਪਹੁੰਚੀ ਅਤੇ ਇਹ ਕੁਨੈਕਸ਼ਨ ਉਨ੍ਹਾਂ ਵੱਲੋਂ ਸਾਂਝੇ ਤੌਰ ਤੇ ਚੈਕ ਕੀਤਾ ਗਿਆ ਅਤੇ ਚੈਕਿੰਗ ਦੌਰਾਨ ਖਾਤਾ ਨੰ: 3003290149 ਨੂੰ ਚੋਰੀ ਦਾ ਕੇਸ ਘੋਸ਼ਿਤ ਕੀਤਾ ਗਿਆ। ਜਿਸ ਅਨੁਸਾਰ ਇੰਜ: ਅਮਨਦੀਪ ਕੌਰ ਏਈਈ ਵੱਲੋਂ ਆਪਣੀ ਡਿਊਟੀ ਨਿਭਾਉਂਦੇ ਹੋਏ ਹੇਠ ਲਿਖੀਆਂ ਅਣਗਹਿਲੀਆਂ ਕੀਤੀਆਂ ਗਈਆਂ:-

8/6/23

1. ਇਹ ਕੁਨੈਕਸ਼ਨ ਰਲੀਜ਼ ਹੋਣ ਤੋਂ ਬਾਅਦ ਦਾ ਬਿਲ ਬਣਨਾ ਸੁਰੂ ਹੋ ਗਿਆ ਸੀ ਅਤੇ ਕੇਸ ਫਾਈਲ ਉਪ ਮੰਡਲ ਤਕਨੀਕੀ ਮਕਸੂਦਾਂ ਪਾਸੋ ਲੈਣੀ ਬਣਦੀ ਸੀ ਪਰ ਉਸ ਵੱਲੋਂ ਅਜਿਹਾ ਨਹੀਂ ਕੀਤਾ ਗਿਆ। ਇਸ ਲਈ ਇੰਜ: ਅਮਨਦੀਪ ਕੋਰ ਵਿਰੁਧ ਅਨੁਸ਼ਾਸਨੀ ਕਾਰਵਾਈ ਬਣਦੀ ਹੈ ।

2. ਅਧਿਕਾਰੀ ਵੱਲੋਂ ਨਵੇ ਕੁਨੈਕਸ਼ਨ ਦੀ ਸੂਚਨਾ ਸੀਨੀ.ਕਾ:ਕਾ:ਇੰਜ: ਐਮ.ਐਮ. ਟੀ.ਐਸ.2 ਜਲੰਧਰ ਨੂੰ ਨਹੀਂ ਭੇਜੀ ਗਈ ਜਿਸ ਕਰਕੇ ਇੰਜ: ਅਮਨਦੀਪ ਕੋਰ ਏਈਈ ਵੱਲੋਂ ਈ.ਐਸ.ਆਈ.ਐਮ. ਦੀ ਧਾਰਾ 25.1(ਐਚ) ਦੀ ਉਲੰਘਣਾ ਕੀਤੀ ਗਈ। ਇਸ ਲਈ ਅਧਿਕਾਰੀ ਵਿਰੁਧ ਅਨੁਸ਼ਾਂਸਨੀ ਕਾਰਵਾਈ ਬਣਦੀ ਹੈ।

3. ਅਧਿਕਾਰੀ ਵੱਲੋਂ ਵੈਰੀਏਸ਼ਨ ਰਜਿਸਟਰ ਤਿਆਰ ਨਹੀਂ ਕੀਤਾ ਗਿਆ ਅਤੇ ਨਾ ਹੀ ਇਸ ਦੀ ਘੋਖ ਕੀਤੀ ਗਈ। ਇੰਜ਼: ਅਮਨਦੀਪ ਕੌਰ ਏਈਈ ਵੱਲੋ ਈ.ਐਸ.ਆਈ.ਐਮ. ਦੀ ਧਾਰਾ 104.7 ਦੀ ਉਲੰਘਣਾ ਕੀਤੀ ਗਈ। ਇਸ ਲਈ ਅਧਿਕਾਰੀ ਵਿਰੁਧ ਅਨੁਸ਼ਾਸ਼ਨੀ ਕਾਰਵਾਈ ਬਣਦੀ ਹੈ ।

ਦੋਸ਼ਾ ਪ੍ਰਤੀ ਜੁਆਬ:- ਅਧਿਕਾਰੀ ਨੇ ਦੋਸ਼ ਸੂਚੀ ਵਿੱਚ ਲਗਾਏ ਦੋਸ਼ਾਂ ਪ੍ਰਤੀ ਦੱਸਿਆ ਹੈ ਕਿ ਦੋਸ਼ ਸੂਚੀ ਵਿੱਚ ਦੋਸ਼ ਨੰ: 1 ਵਿੱਚ ਦੋਸ਼ ਲਗਾਇਆ ਹੈ ਕਿ ਇਹ ਕੁਨੈਕਸ਼ਨ ਰਲੀਜ਼ ਹੋਣ ਤੋਂ ਬਾਅਦ ਦਾ ਬਿਲ ਬਣਨਾ ਸੁਰੂ ਹੋ ਗਿਆ ਸੀ ਅਤੇ ਕੇਸ ਫਾਈਲ ਉਪ ਮੰਡਲ ਤਕਨੀਕੀ ਮਕਸੂਦਾਂ ਪਾਸੋ ਲੈਣੀ ਬਣਦੀ ਸੀ ਪਰ ਉਸ ਵੱਲੋਂ ਅਜਿਹਾ ਨਹੀਂ ਕੀਤਾ ਗਿਆ। ਉਹ ਮਕਸੂਦਾ ਕਮਰਸ਼ੀਅਲ ਉਪ ਮੰਡਲ ਵਿਖੇ 06.06.2016 ਨੂੰ ਪਹੁੰਚ ਰਿਪੋਰਟ ਦਿਤੀ ਸੀ । ਜਦੋ ਕਿ ਇਹ ਕੁਨੈਕਸ਼ਨ ਮਿਤੀ 21.04.2016 ਨੂੰ ਹੀ ਰਿਕਾਰਡ ਅਨੁਸਾਰ ਚਾਲੂ ਹੋ ਚੁੱਕਾ ਸੀ। ਜਿਹੜੇ ਕੁਨੈਕਸ਼ਨ 06.06.2016 ਤੋਂ ਪਹਿਲਾਂ ਮਕਸੂਦਾ ਦਫਤਰ ਵੱਲੋਂ ਜਾਰੀ ਹੋਏ ਹਨ ਉਨ੍ਹਾਂ ਦੀ ਕਿਸੇ ਕਿਸਮ ਦੀ ਅਣਗਹਿਲੀ ਲਈ ਉਹ ਦੋਸ਼ੀ ਨਹੀਂ ਹੋ ਸਕਦੀ । ਇਸ ਲਈ ਇਹ ਦੋਸ਼ ਗਲਤ ਅਤੇ ਬੇ-ਬੁਨਿਆਦ ਹਨ।

ਦੋਸ਼ ਨੰ: 2 ਵਿੱਚ ਦੋਸ਼ ਲਗਾਇਆ ਗਿਆ ਹੈ ਕਿ ਅਧਿਕਾਰੀ ਵੱਲੋਂ ਨਵੇ ਕੁਨੈਕਸ਼ਨ ਦੀ ਸੂਚਨਾ ਸੀਨੀ.ਕਾ:ਕਾ:ਇੰਜ: ਐਮ.ਐਮ. ਟੀ.ਐਸ.2 ਜਲੰਧਰ ਨੂੰ ਹੀਂ ਭੇਜੀ ਗਈ ਜਿਸ ਕਰਕੇ ਇੰਜ: ਅਮਨਦੀਪ ਕੋਰ ਏਈਈ ਵੱਲੋਂ ਈ.ਐਸ.ਆਈ.ਐਮ. ਦੀ ਧਾਰਾ 25.1(ਐਚ) ਦੀ ਉਲੰਘਣਾ ਕੀਤੀ ਗਈ।ਇਹ ਦੋਸ਼ ਵੀ ਗਲਤ ਹੈ ਜਿਵੇ ਕਿ ਪਹਿਲਾਂ ਹੀ ਲਿਖ ਚੁੱਕਾ ਹਾ ਕਿ ਉਸ ਦੀ ਜੁਆਨਿੰਗ 06.06.2016 ਦੀ ਮਕਸੂਦਾ ਕਮਰਸੀਅਲ ਦੀ ਸੀ ਤੇ ਇਹ ਕੇਸ ਉਸ ਦੀ ਜੁਆਨਿੰਗ ਤੋਂ ਪਹਿਲਾ ਦਾ ਹੈ।ਇਸ ਕੇਸ ਵਿੱਚ ਉਸ ਦੀ ਕੋਈ ਜਿਮੇਵਾਰੀ ਨਹੀਂ ਬਣਦੀ ਹੈ।ਜਿਥੋ ਤੱਕ ਈ.ਐਸ.ਆਈ.ਐਮ. ਦੀ ਧਾਰਾ 25.1.(ਐਚ) ਦਾ ਸਬੰਧ ਹੈ ਉਹ ਫਾਇਲ ਵਿੱਚ ਜ਼ੋ ਦਸਤਾਵੇਜ਼ ਹੋਣੇ ਚਾਹੀਦੇ ਹਨ ਬਾਰੇ ਲਿਖਿਆ ਗਿਆ ਹੈ ਨਾ ਕਿ ਕੁਨੈਕਸ਼ਨ ਲੱਗਣ ਦੀ ਸੂਚਨਾ ਬਾਰੇ ਕੋਈ ਜਿਕਰ ਹੀ ਹੈ ।

ਦੋਸ਼ ਨੰ: 3 ਵਿੱਚ ਦੋਸ਼ ਲਗਾਇਆ ਹੈ ਕਿ ਅਧਿਕਾਰੀ ਵੱਲੋਂ ਵੈਰੀਏਸ਼ਨ ਰਜਿਸਟਰ ਤਿਆਰ ਨਹੀਂ ਕੀਤਾ ਗਿਆ ਅਤੇ ਨਾ ਹੀ ਇਸ ਦੀ ਘੋਖ ਕੀਤੀ ਗਈ। ਇੰਜ਼: ਅਮਨਦੀਪ ਕੌਰ ਏਈਈ ਵੱਲੋ ਈ.ਐਸ.ਆਈ.ਐਮ. ਦੀ ਧਾਰਾ 104.7 ਦੀ ਉਲੰਘਣਾ ਕੀਤੀ ਗਈ। ਸਹੀ ਨਹੀਂ ਹੈ ਇਸ ਖਾਤੇ ਦੀ ਬਿਲਿੰਗ ਸੀ.ਬੀ.ਸੀ/ਸੀ.ਐਸ.ਸੀ. ਵਲੋਂ ਕੀਤੀ ਜਾਂਦੀ ਹੈ । ਸੀ.ਬੀ.ਸੀ/ਸੀ.ਐਸ.ਸੀ. ਵਲੋਂ ਕਦੀ ਵੀ ਇਸ ਦੀ ਐਨਰਜੀ ਵੈਰੀਏਸ਼ਨ ਬਾਰੇ ਸੂਚਿਤ ਨਹੀਂ ਕੀਤਾ ਗਿਆ।ਇਸ ਲਈ ਇਹ ਦੋਸ਼ ਹੈ ਕਿ ਐਨਰਜੀ ਵੈਰੀਏਸ਼ਨ ਰਜਿਸਟਰ ਉਸ ਵੱਲੋਂ ਤਿਆਰ ਨਹੀਂ ਕੀਤਾ ਗਿਆ , ਸਹੀ ਨਹੀਂ ਹੈ ।ਦੋਸ਼ ਸੂਚੀ ਵਿੱਚ ਦਰਸਾਏ ਸਾਰੇ ਦੋਸ਼ਾਂ ਤੋਂ ਮੁਕਤ ਕੀਤਾ ਜਾਵੇ ਅਤੇ ਦੋਸ਼ ਸੂਚੀ ਦਫਤਰ ਦਾਖਲ ਕੀਤੀ ਜਾਵੇ ।

ਕੰਟਰੋਲਿੰਗ ਅਧਿਕਾਰੀ ਦੀ ਟਿਪਣੀ:- ਪਹਿਲੇ ਕੰਟਰੋਲਿੰਗ ਅਧਿਕਾਰੀ ( ਵਧੀਕ ਨਿਗ:ਇੰਜ:/ਸੰਚਾਲਣ ਪੱਛਮ ਮੰਡਲ ਜਲੰਧਰ ) ਅਨੁਸਾਰ ਅਧਿਕਾਰੀ ਵੱਲੋਂ ਇਹ ਲਿਖਿਆ ਗਿਆ ਹੈ ਕਿ ਫਾਈਲ ਉਪ ਮੰਡਲ ਅਫਸਰ ਤਕਨੀਕੀ ਮਕਸੂਦਾਂ ਤੋਂ ਲੈਣੀ ਬਣਦੀ ਸੀ , ਇਹ ਗਲਤ ਹੈ ਕਿਉਂਕਿ ਕੁਨੈਕਸ਼ਨ ਨੂੰ ਜਾਰੀ ਕਰਨ ਦਾ ਕੰਮ ਤਕਨੀਕੀ ਅਮਲੇ ਦਾ ਹੈ ਜਦੋ ਕਿ ਬਿਲਿੰਗ ਦਾ ਕੰਮ ਉਪ ਮੰਡਲ ਅਫਸਰ ਕਮਰਸ਼ੀਅਲ ਵੱਲੋਂ ਕੀਤਾ ਜਾਂਦਾ ਹੈ। ਇਸ ਲਈ ਅਧਿਕਾਰਨ ਨੂੰ ਦੋਸ਼ ਮੁਕਤ ਨਹੀਂ ਕੀਤਾ ਜਾ ਸਕਦਾ । ਅਧਿਕਾਰਨ ਨੇ ਭਾਵੇ ਮਿਤੀ 06.06.2016 ਨੂੰ ਹੀ ਮਕਸੂਦਾ ਕਮਰਸ਼ੀਅਲ ਦਫਤਰ ਵਿਖੇ ਜੁਆਇੰਨ ਕੀਤਾ ਸੀ ਪਰ ਉਸ ਤੋਂ ਪਹਿਲਾਂ ਵਾਲੇ ਉਪ ਮੰਡਲ ਅਫਸਰ (ਇੰਜ: ਰਾਮ ਲੁਭਾਇਆ ) ਵਲੋਂ ਆਪਣੀ ਦਫਤਰੀ ਈਮੇਲ ਰਾਹੀਂ ਵਧੀਕ ਨਿਗ:ਇੰਜ:/ਐਮ.ਐਮ.ਟੀ.ਐਸ-2 ਜਲੰਧਰ ਨੂੰ ਈਮੇਲ ਤੇ ਇਸ ਕੁਨੈਕਸ਼ਨ ਦੀ ਡੀਟੇਲ ਭੇਜ਼ ਦਿਤੀ ਗਈ ਸੀ । ਅਧਿਕਾਰਨ ਵੱਲੋਂ ਜਦੋ ਤੱਕ ਕੁਨੈਕਸ਼ਨ ਚੈਕ ਨਹੀਂ ਹੋ ਜਾਂਦਾ ਉਦੋ ਤੱਕ ਸਬੰਧਤ ਦਫਤਰ ਨਾਲ ਪੱਤਰ ਵਿਹਾਰ ਕਰਨਾ ਬਣਦਾ ਸੀ ।

ਅਧਿਕਾਰਨ ਵੱਲੋਂ ਇਹ ਲਿਖਿਆ ਗਿਆ ਹੈ ਕਿ ਐਨਰਜੀ ਵੈਰੀਏਸ਼ਨ ਰਜਿਸਟਰ ਵਿੱਚ ਇਸ ਖਪਤਕਾਰ ਦੀ ਖਪਤ ਬਾਰੇ ਨਹੀਂ ਲਿਖਿਆ ਗਿਅਸ। ਇਸ ਲਈ ਈ.ਐਸ.ਆਈ.ਐਮ. ਦੀ ਧਾਰਾ 104.7 ਦੀ ਉਲੰਘਣਾ ਕੀਤੀ ਗਈ ਹੈ ਜ਼ੋ ਕਿ ਸਹੀ ਹੈ ਕਿਉਂਕਿ ਵੈਰੀਏਸ਼ਨ ਰਜਿਸਟਰ ਨੂੰ ਮੇਨਟੇਨ ਕਰਨ ਦੀ ਜਿਮੇਵਾਰੀ ਈ.ਐਸ.ਆਈ.ਐਮ. ਦੀ ਧਾਰਾ

8/6/23

10.7.1 (ਸੀ) ਮੁਤਾਬਿਕ ਉਪ ਮੰਡਲ ਅਫਸਰ ਕਮਰਸ਼ੀਅਲ ਦੀ ਬਣਦੀ ਹੈ ਭਾਵੇ ਕਿ ਖਾਤੇ ਦੀ ਬਿਲਿੰਗ ਸੀ.ਬੀ.ਸੀ. ਵੱਲੋਂ ਕੀਤੀ ਜਾਂਦੀ ਹੈ। ਅਧਿਕਾਰਨ ਵੱਲੋਂ ਇਹ ਲਿਖਿਆ ਗਿਆ ਹੈ ਕਿ ਇਸ ਕੇਸ ਦੀ ਐਨਰਜ਼ੀ ਵੈਰੀਏਸ਼ਨ ਸੀ.ਬੀ.ਸੀ. ਵਲੋਂ ਕਦੇ ਨਹੀਂ ਭੇਜੀ ਗਈ ਪਰ ਅਧਿਕਾਰਨ ਵਲੋਂ ਐਨਰਜੀ ਵੈਰੀਏਸ਼ਨ ਰਜਿਸਟਰ ਮੇਨਟੇਨ ਕਰਨਾ ਬਣਦਾ ਸੀ ।

ਅਧਿਕਾਰਨ ਵੱਲੋਂ ਇਹ ਲਿਖਿਆ ਗਿਆ ਹੈ ਕਿ ਧਾਰਾ 25.2.(ਸੀ) ਕਸਟੱਡੀ ਆਫ ਏ ਅਤੇ ਏ ਫਾਰਮ ਦੇ 100 ਕਿਲੋਵਾਟ ਤੋਂ ਉਪਰ ਮੰਨਜੂਰਸੁਦਾ ਲੋਡ ਦੇ ਕਸਟੋਡੀਅਨ Sr. Xen/SDE/DS ਹਨ। ਅਧਿਕਾਰਨ ਇਸ ਲਈ ਸਿੱਧੇ ਤੌਰ ਤੇ ਜਿਮੇਵਾਰ ਹੈ।ਜੇਕਰ ਉਨ੍ਹਾ ਵੱਲੋਂ ਖਪਤਕਾਰ ਦਾ ਕੇਸ ਬਣਾ ਕੇ ਮੰਡਲ ਦਫਤਰ ਨੂੰ ਭੇਜਿਆ ਜਾਂਦਾ ਤਾ ਇਸ ਚੋਰੀ ਦੇ ਕੇਸ ਦਾ ਪਹਿਲਾ ਤੋਂ ਹੀ ਪਤਾ ਚੱਲ ਜਾਂਦਾ।

ਜੇਕਰ ਅਧਿਕਾਰਨ ਵੱਲੋਂ ਐਲ.ਐਸ ਖਪਤਕਾਰ ਦਾ ਵੈਰੀਏਸ਼ਨ ਰਜਿਸਟਰ ਤਿਆਰ ਕੀਤਾ ਜਾਂਦਾ ਅਤੇ ਉਸ ਦੀ ਕਾਪੀ ਆਪਣੇ ਉਚ ਅਧਿਕਾਰੀਆਂ ਨੂੰ ਭੇਜੀ ਜਾਂਦੀ ਤਾਂ ਉਸ ਵਿੱਚ ਇਹ ਪਤਾ ਲੱਗ ਜਾਣਾ ਸੀ ਕਿ ਜੇਕਰ ਖਪਤਕਾਰ ਦੀ ਖਪਤ ਵਿੱਚ ਵੈਰੀਏਬਨ ਆ ਰਹੀ ਹੈ ਤਾ ਉਸ ਨੂੰ ਪਹਿਲਾਂ ਹੀ ਚੈਕ ਕਰ ਲਿਆ ਜਾਂਦਾ ਜਿਸ ਨਾਲ ਪਾਵਰਕਾਮ ਦੇ ਮਾਲੀਏ ਦੀ ਰਾਖੀ ਵੀ ਕੀਤੀ ਜਾ ਸਕਦੀ ਸੀ । ਇਸ ਲਈ ਅਧਿਕਾਰਨ ਨੂੰ ਦੋਸ਼ਾਂ ਤੋਂ ਮੁਕਤ ਨਹੀਂ ਕੀਤਾ ਜਾ ਸਕਦਾ ।

ਦੂਸਰੇ ਕੰਟਰੋਲਿੰਗ ਅਧਿਕਾਰੀ( ਉਪ ਮੁੱਖ ਇੰਜ:/ਸੰਚਾਲਣ ਹਲਕਾ ਜਲੰਧਰ ਨੇ ਪਹਿਲੇ ਕੰਟਰੋਲਿੰਗ ਅਧਿਕਾਰੀ ਦੀ ਟਿਪਣੀ ਨਾਲ ਸਹਿਮਤੀ ਪ੍ਰਗਟ ਕੀਤੀ ਹੈ ।

ਵਿਭਾਗੀ ਪੜਤਾਲ:- ਵਿਭਾਗੀ ਪੜਤਾਲ ਅਧਿਕਾਰੀ( ਮੁੱਖ ਇੰਜ:ਥਰਮਲ ਡਿਜਾਇਨ ਪਟਿਆਲਾ) ਅਨੁਸਾਰ ਇੰਜ: ਅਮਨਦੀਪ ਕੌਰ, ਏ.ਈ.ਈ. ਪੱਛਮ ਮੰਡਲ ਜਲੰਧਰ ਵਿਖੇ ਬਤੌਰ ਏ.ਈ.ਈ. ਮਿਤੀ: 06.06.16 ਤੋਂ 15.12.17 ਤੱਕ ਤੈਨਾਤ ਰਹੇ ਸਨ। ਇੰਜ: ਅਮਨਦੀਪ ਕੌਰ, ਏ.ਈ.ਈ. ਇਸ ਕੇਸ ਦੀ ਪੜਤਾਲ ਸਬੰਧੀ ਮਿਤੀ: 18.03.21 ਨੂੰ ਨਿਮਨ ਹਸਤਾਖਰ ਦੀ ਅਦਾਲਤ ਵਿਖੇ ਪੇਸ਼ ਹੋਈ ਅਤੇ ਆਪਣੇ ਮੁੱਢਲੇ ਬਿਆਨ ਦਰਜ ਕਰਵਾਏ ਅਤੇ ਇਸੇ ਦਿਨ ਅਦਾਲਤ ਵੱਲੋਂ ਇੰਜ: ਅਮਨਦੀਪ ਕੌਰ, ਏ.ਈ.ਈ. ਨੂੰ ਇਨਕੁਆਰੀ ਸਬੰਧੀ ਰਿਕਾਰਡ ਵੀ ਸੌਂਪ ਦਿੱਤਾ ਗਿਆ। ਇੰਜ: ਅਮਨਦੀਪ ਕੌਰ, ਏ.ਈ.ਈ. ਵੱਲੋਂ ਇਸ ਵਿਭਾਗੀ ਪੜਤਾਲ ਦੌਰਾਨ ਸ਼੍ਰੀ ਰਾਜੀਵ ਕੁਮਾਰ, ਸੀਨੀਅਰ ਨਿੱਜੀ ਸਕੱਤਰ ਦੀ ਸਹਾਇਤਾ ਲੈਣ ਸਬੰਧੀ ਵੀ ਬਿਨੈ ਪੱਤਰ ਦਿੱਤਾ ਜਿਸਨੂੰ ਪ੍ਰਵਾਨ ਕਰ ਲਿਆ ਗਿਆ। ਪਰੰਤੂ ਮਿਤੀ: 18.03.21 ਤੋਂ ਬਾਅਦ ਇੰਜ: ਅਮਨਦੀਪ ਕੌਰ, ਏ.ਈ.ਈ. ਇਸ ਅਦਾਲਤ ਸਮੁੱਖ ਪੇਸ਼ ਨਹੀਂ ਹੋਈ। ਇਸ ਅਦਾਲਤ ਦੇ ਮੀਮੋਂ ਨੰ: 905/09 ਮਿਤੀ: 15.04.21 ਅਤੇ ਮੀਮੋਂ ਨੰ: 321/23 ਮਿਤੀ: 18.02.22 ਰਾਹੀਂ ਪੇਸ਼ ਹੋਣ ਲਈ ਲਿਖਿਆ ਗਿਆ ਸੀ ਜਿਸਦੇ ਜਵਾਬ ਵਿਚ ਅਧਿਕਾਰਨ ਵੱਲੋਂ ਮਿਤੀ: 24.02.22 ਨੂੰ ਵਟਸਐਪ ਸੰਦੇਸ਼ ਰਾਹੀਂ ਸੂਚਿਤ ਕੀਤਾ ਗਿਆ ਸੀ ਕਿ "I have left job already " । ਇਸਦੇ ਜਵਾਬ ਇਸ ਅਦਾਲਤ ਦੇ ਮੀਮੋਂ ਨੰ: 488 ਮਿਤੀ: 03.03.22, ਮੀਮੋਂ ਨੰ: 494/96 ਮਿਤੀ: 04.03.22, ਮੀਮੋਂ ਨੰ: 565 ਮਿਤੀ: 11.03.22, ਮੀਮੋਂ ਨੰ: 599 ਮਿਤੀ: 17.03.22 ਅਤੇ ਮੀਮੋਂ ਨੰ: 662/63 ਮਿਤੀ: 25.03.22 ਰਾਹੀਂ ਅਧਿਕਾਰਨ ਤੋਂ ਪੁੱਛਿਆ ਗਿਆ ਕਿ ਜੇਕਰ ਤੁਹਾਡਾ ਤਿਆਗ ਪੱਤਰ ਸਮਰੱਥ ਅਧਿਕਾਰੀ ਵੱਲੋਂ ਪ੍ਰਵਾਨ ਹੋ ਚੁੱਕਾ ਹੈ ਤਾਂ ਤੁਰੰਤ ਇਸ ਦਫਤਰ ਨੂੰ ਮੁਹੱਈਆ ਕਰਵਾਇਆ ਜਾਵੇ ਅਤੇ ਜੇਕਰ ਆਪ ਦਾ ਤਿਆਗ ਪੱਤਰ ਪ੍ਰਵਾਨ ਨਹੀਂ ਹੋਇਆ ਹੈ ਤਾਂ ਦਿੱਤੀਆਂ ਤਾਰੀਕਾਂ ਨੂੰ ਵਿਭਾਗੀ ਪੜਤਾਲ ਵਿਚ ਹਾਜ਼ਰ ਹੋਣਾ ਯਕੀਨੀ ਬਣਾਇਆ ਜਾਵੇ। ਜਿਸਦੇ ਜਵਾਬ ਵਿਚ ਅਧਿਕਾਰਨ ਵੱਲੋਂ ਮਿਤੀ: 25.03.22 ਨੂੰ ਵਟਸਐਪ ਸੰਦੇਸ਼ ਰਾਹੀਂ ਸੂਚਿਤ ਕੀਤਾ ਗਿਆ ਸੀ ਕਿ "I am not part of department anymore, official number has been submitted long ago. It is my personal number. I have shifted from the given address and travelling around so I am not receiving these letters anymore. My personal should not be spammed anymore as I am no longer working there"। ਇਸ ਵਟਸਐਪ ਸੰਦੇਸ਼ ਤੋਂ ਬਾਅਦ ਅਧਿਕਾਰਨ ਨੇ ਇਸ ਕੋਰਟ ਨੂੰ ਕਦੇ ਵੀ ਸੰਪਰਕ ਨਹੀਂ ਕੀਤਾ। ਇਸ ਵਿਭਾਗੀ ਪੜਤਾਲ ਵਿਚ ਇੰਜ: ਅਮਨਦੀਪ ਕੌਰ, ਏ.ਈ.ਈ. (ਮੁਦਾਲਾ) ਵੱਲੋਂ ਗਵਾਹ ਨੂੰ ਕਰਾਸ ਨਹੀਂ ਕੀਤਾ ਗਿਆ, ਨਾ ਹੀ ਆਪਣੀ ਡਿਫੈਂਸ ਸਟੇਟਮੈਂਟ ਦਿੱਤੀ ਗਈ ਅਤੇ ਨਾ ਹੀ ਪੇਸ਼ਕਸ਼ ਅਫਸਰ ਵੱਲੋਂ ਕਰਾਸ ਏਗਜ਼ਾਮਿਨ ਕੀਤਾ ਗਿਆ।

ਉਕਤ ਹਾਲਾਤਾਂ ਨੂੰ ਮੁੱਖ ਰੱਖਦੇ ਹੋਏ ਇੰਜ: ਅਮਨਦੀਪ ਕੌਰ, ਏ.ਈ.ਈ. (ਮੁਦਾਲਾ) ਦੇ ਵਟਸਐਪ ਸੰਦੇਸ਼ਾਂ ਅਨੁਸਾਰ ਕਿ ਉਸ ਵੱਲੋਂ ਪਾਵਰ ਕਾਮ ਦੀ ਨੌਕਰੀ ਛੱਡ ਦਿੱਤੀ ਗਈ ਹੈ ਅਤੇ ਇਸ ਅਦਾਲਤ ਸਮੁੱਖ ਤਿਆਗ ਪੱਤਰ ਦੀ ਮੰਨਜ਼ੂਰਸ਼ੁਦਾ ਕਾਪੀ ਨਾ ਹੋਣ ਕਾਰਨ, ਇਸ ਕੇਸ ਵਿਚ ਹੋਰ ਮੁਦਾਲੇ/ਗਵਾਹ ਅਤੇ ਅਧਿਕਾਰਨ ਵਿਰੁੱਧ ਤਿਆਰ ਕੀਤੀ ਦੋਸ਼ ਸੂਚੀ ਨੂੰ ਘੋਖਦੇ ਹੋਏ ਇੰਜ: ਅਮਨਦੀਪ ਕੌਰ, ਏ.ਈ.ਈ. ਨੂੰ ਜਾਰੀ ਹੋਈ ਦੋਸ਼ ਸੂਚੀ ਨੰ: 60 ਮਿਤੀ: 01.03.19 ਵਿਰੁੱਧ ਇੱਕ ਤਰਫਾ ਦੋਸ਼ਾਂ ਦੀ ਪੜਤਾਲ ਮੁਕੰਮਲ ਕੀਤੀ ਗਈ। ਇੰਜ: ਅਮਨਦੀਪ ਕੌਰ, ਏ.ਈ.ਈ. ਨੂੰ ਜਾਰੀ ਹੋਈ ਦੋਸ਼ ਸੂਚੀ ਵਿਚ ਇਲਜ਼ਾਮ ਹੈ ਕਿ:

1. ਇੰਜ:ਅਮਨਦੀਪ ਕੋਰ ,ਏ,.ਈ.ਈ ਜਦੋ ਕਮਰਸ਼ੀਅਲ ਉੱਪ ਮੰਡਲ, ਮਕਸੂਦਾ ਮੰਡਲ, ਜਲੰਧਰ ਵਿਖੇ ਤੈਨਾਤ ਸੀ, ਤਾਂ ਇਹ ਕੁਨੈਕਸ਼ਨ ਰਲੀਜ ਹੋਣ ਤੋਂ ਬਾਅਦ ਦਾ ਬਿਲ ਬਨਣਾ ਸ਼ੁਰੂ ਹੋ ਗਿਆ ਸੀ ਅਤੇ ਕੇਸ/ ਫਾਇਲ ਉੱਪ ਮੰਡਲ, ਮਕਸੂਦਾ ਮੰਡਲ, ਜਲੰਧਰ ਪਾਸੋਂ ਲੈਣੀ ਬਣਦੀ ਸੀ, ਪਰ ਉਸ ਵਲੋਂ ਅਜਿਹਾ ਨਹੀ ਕੀਤਾ ਗਿਆ। ਇਸ ਸਬੰਧੀ ਪੜਤਾਲ ਅਨੁਸਾਰ ਪਤਾ ਲਗਦਾ ਹੈ ਕਿ ਇਸ ਸਬੰਧੀ ਇਸ ਕੇਸ ਵਿਚ ਹੋਰ ਮੁਦਾਲਿਆ ਨੂੰ ਕਰਾਸ ਏਗਜ਼ਾਮਿਨ ਦੌਰਾਨ ਪਤਾ ਲੱਗਾ ਹੈ ਕਿ M/s Jalandhar Self Sporting Co.Op.Cold Store Jalandhar ਦਾ ਕੁਨੈਕਸ਼ਨ ਮਿਤੀ: 17.05.16 ਨੂੰ ਚਾਲੂ ਕਰ ਦਿੱਤਾ ਗਿਆ ਸੀ ਅਤੇ ਕਮਰਸ਼ੀਅਲ ਉਪ ਮੰਡਲ ਵੱਲੋਂ ਇਸ ਖਪਤਕਾਰ ਦਾ ਪਹਿਲਾ ਬਿੱਲ ਮਿਤੀ: 21.06.16 ਨੂੰ ਬਣਾ ਦਿੱਤਾ ਸੀ, ਪਰੰਤੂ ਕੇਸ ਫਾਈਲ ਮਿਤੀ: 29.05.18 ਨੂੰ ਇੰਜ: ਗੁਰਵਿੰਦਰ ਸਿੰਘ, ਜੇ.ਈ. ਦੀ ਕਸਟਡੀ ਵਿਚੋਂ ਪ੍ਰਾਪਤ ਹੋਈ। ਇੰਜ:ਅਮਨਦੀਪ ਕੋਰ ,ਏ,.ਈ.ਈ ਵੱਲੋਂ ਸਬੰਧਤ ਕੇਸ ਫਾਈਲ ਨੂੰ ਪ੍ਰਾਪਤ ਕਰਨ ਲਈ ਜ਼ਰੂਰੀ ਉਪਰਾਲੇ ਨਹੀਂ ਕੀਤੇ ਗਏ, ਇਸ ਲਈ ਇਸ ਇਲਜ਼ਾਮ ਵਿਚ ਇੰਜ:ਅਮਨਦੀਪ ਕੋਰ ,ਏ,.ਈ.ਈ ਨੂੰ ਅਸਿੱਧੇ ਤੌਰ ਤੇ ਜਿੰਮੇਵਾਰ ਠਹਿਰਾਇਆ ਜਾਂਦਾ ਹੈ।
2. ਇੰਜ:ਅਮਨਦੀਪ ਕੋਰ ,ਏ,.ਈ.ਈ ਜਦੋ ਕਮਰਸ਼ੀਅਲ ਉੱਪ ਮੰਡਲ, ਮਕਸੂਦਾ ਮੰਡਲ, ਜਲੰਧਰ ਵਿਖੇ ਤੈਨਾਤ ਸੀ, ਤਾਂ ਉਸ ਵਲੋਂ ਇਸ ਕੁਨੈਕਸ਼ਨ ਦੀ ਸੂਚਨਾ ਸੀ.ਕਾ:ਕਾ:ਇੰਜ:ਐਮ.ਐਮ.ਟੀ.ਐਸ.2, ਜਲੰਧਰ ਨੂੰ ਨਹੀ ਭੇਜੀ ਗਈ।ਇਸ ਲਈ ਉਸ (ਇੰਜ:ਅਮਨਦੀਪ ਕੋਰ,ਏ.ਈ.ਈ) ਵੱਲੋਂ ESIM ਦੀ ਧਾਰਾ 25.1 (h) ਦੀ ਉਲੰਘਣਾ ਕੀਤੀ ਗਈ।ਇਸ ਲਈ ਉਸ (ਇੰਜ:ਅਮਨਦੀਪ ਕੋਰ ,ਏ.ਈ.ਈ) ਵਿਰੁੱਧ ਅਨੁਸ਼ਾਸ਼ਨੀ ਕਾਰਵਾਈ ਬਣਦੀ ਹੈ।ਇਸ ਸਬੰਧੀ ਪੜਤਾਲ ਅਨੁਸਾਰ ਪਤਾ ਲਗਦਾ ਹੈ ਕਿ ਇਹ ਸੂਚਨਾ ਭਾਵੇਂ ਸਿੱਧੇ ਤੌਰ ਤੇ ਐਮ.ਐਮ.ਟੀ.ਐਸ-2 ਨੂੰ ਨਹੀਂ ਦਿੱਤੀ ਗਈ ਪਰੰਤੂ ਟੀ.ਓ.ਡੀ. ਸਰਚਾਰਜ ਮਹੀਨਾ 08/2016 ਅਤੇ 09/2016 ਦੀ ਸੂਚਨਾ ਐਮ.ਐਮ.ਟੀ.ਐਸ-2, ਜਲੰਧਰ ਨੂੰ ਈ-ਮੇਲ ਰਾਹੀਂ ਭੇਜਣ ਸਮੇਂ ਹੋਰ ਐਲ.ਐਸ. ਕੁਨੈਕਸ਼ਨਾ ਦੇ ਨਾਲ M/s Jalandhar Self Sporting Co.Op.Cold Store Jalandhar ਦੀ ਸੂਚਨਾ ਭੇਜੀ ਗਈ ਸੀ। ਇਸ ਕੇਸ ਵਿਚ ਇੰਜ:ਅਮਨਦੀਪ ਕੋਰ,ਏ.ਈ.ਈ ਨੇ ਐਮ.ਐਮ.ਟੀ.ਐਸ-2 ਨੂੰ ਇਸ ਕੁਨੈਕਸ਼ਨ ਦੀ ਰਲੀਜ਼ ਹੋਣ ਦੀ ਜਾਣਕਾਰੀ ਭੇਜਣੀ ਬਣਦੀ ਸੀ, ਇਸ ਲਈ ਇਸ ਇਲਜ਼ਾਮ ਵਿਚ ਇੰਜ:ਅਮਨਦੀਪ ਕੋਰ ,ਏ.ਈ.ਈ ਨੂੰ ਅਸਿੱਧੇ ਤੌਰ ਤੇ ਜਿੰਮੇਵਾਰ ਠਹਿਰਾਇਆ ਜਾਂਦਾ ਹੈ।
3. ਇੰਜ:ਅਮਨਦੀਪ ਕੋਰ,ਏ.ਈ.ਈ ਵਲੋਂ ਅਨਰਜੀ ਵੈਰੀਏਸ਼ਨ ਰਜਿਸਟਰ ਤਿਆਰ ਨਹੀ ਕੀਤਾ ਗਿਆ ਅਤੇ ਨਾ ਹੀ ਇਸ ਦੀ ਘੋਖ ਕੀਤੀ ਗਈ, ਉਸ (ਇੰਜ:ਅਮਨਦੀਪ ਕੋਰ,ਏ.ਈ.ਈ) ਵੱਲੋ ESIM ਦੀ ਧਾਰਾ 104.7 ਦੀ ਉਲੰਘਣਾ ਕੀਤੀ ਗਈ।ਇਸ ਲਈ ਉਸ (ਇੰਜ:ਅਮਨਦੀਪ ਕੋਰ ,ਏ.ਈ.ਈ) ਵਿਰੁੱਧ ਅਨੁਸ਼ਾਸ਼ਨੀ ਕਾਰਵਾਈ ਬਣਦੀ ਹੈ।ਇਸ ਸਬੰਧੀ ਪੜਤਾਲ ਅਨੁਸਾਰ ਪਤਾ ਲਗਦਾ ਹੈ ਕਿ ਐਨਰਜੀ ਵੇਰੀਏਸ਼ਨ ਰਜਿਸਟਰ ਇੱਕ ਬਹੁਤ ਜ਼ਰੂਰੀ ਰਿਕਾਰਡ ਹੈ ਅਤੇ ਅਧਿਕਾਰਨ ਨੂੰ ਜਾਰੀ ਹੋਈ ਦੋਸ਼ ਸੂਚੀ ਵਿਚ ਐਨਰਜੀ ਵੇਰੀਏਸ਼ਨ ਰਜਿਸਟਰ ਨਾ ਮੇਨਟੇਨ ਕਰਨ ਦਾ ਦੋਸ਼ੀ ਪਾਇਆ ਹੈ। ਇਸ ਲਈ ਇਹ ਇਲਜ਼ਾਮ ਵਿਚ ਇੰਜ:ਅਮਨਦੀਪ ਕੋਰ ,ਏ.ਈ.ਈ ਨੂੰ ਦੋਸ਼ੀ ਠਹਿਰਾਇਆ ਜਾਂਦਾ ਹੈ।

ਨਿੱਜੀ ਸੁਣਵਾਈ:- ਨਿੱਜੀ ਸੁਣਵਾਈ ਅਧਿਕਾਰੀ(ਨਿਰਦੇਸ਼ਕ/ਵੰਡ) ਅਨੁਸਾਰ ਇਸ ਅਧਿਕਾਰੀ ਨੂੰ ਮਿਤੀ 03.02.2023 ਨੂੰ ਨਿੱਜੀ ਸੁਣਵਾਈ ਲਈ ਬੁਲਾਇਆ ਗਿਆ ਸੀ, ਪਰੰਤੂ ਅਧਿਕਾਰੀ ਹਾਜ਼ਰ ਨਹੀਂ ਹੋਇਆ। ਇਸ ਉਪਰੰਤ ਅਧਿਕਾਰੀ ਨੂੰ ਇੱਕ ਹੋਰ ਮੌਕਾ ਮਿਤੀ 07.03.2023 ਨੂੰ ਦਿੱਤਾ ਗਿਆ ਪਰੰਤੂ ਅਧਿਕਾਰੀ ਇਸ ਮਿਤੀ ਨੂੰ ਵੀ ਨਿੱਜੀ ਸੁਣਵਾਈ ਲਈ ਪੇਸ਼ ਨਹੀਂ ਹੋਇਆ। ਕੇਸ ਦੇ ਤੱਥਾਂ ਨੂੰ ਧਿਆਨ ਵਿਚ ਰੱਖਦੇ ਹੋਏ ਟਿਪਣੀ ਹੇਠ ਅਨੁਸਾਰ ਕੀਤੀ ਜਾਂਦੀ ਹੈ:-

ਅਧਿਕਾਰੀ ਦੇ ਇਸ ਦੋਸ਼ ਸੂਚੀ ਤੇ ਦਿੱਤੇ ਜਵਾਬ, ਇਸ ਤੇ ਟਿਪਣੀਆਂ ਅਤੇ ਇਸ ਮਾਮਲੇ ਵਿਚ ਕੀਤੀ ਗਈ ਵਿਭਾਗੀ ਪੜਤਾਲ ਦੀ ਰਿਪੋਰਟ ਵਿਚਾਰੀ ਗਈ ਅਤੇ ਪਾਇਆ ਗਿਆ ਕਿ ਇੰਜ: ਅਮਨਦੀਪ ਕੋਰ, ਏ.ਈ.ਈ. ਵੱਲੋਂ ਖਪਤਕਾਰ ਕੇਸ ਦੀ ਫਾਈਲ ਪ੍ਰਾਪਤ ਕਰਨ ਲਈ ਕੋਈ ਠੋਸ ਉਪਰਾਲੇ ਨਹੀਂ ਕੀਤੇ ਗਏ। ਅਧਿਕਾਰੀ ਨੇ ਇਸ ਕੁਨੈਕਸ਼ਨ ਦੇ ਰਲੀਜ਼ ਹੋਣ ਦੀ ਸੂਚਨਾ ਐਮ.ਐਮ.ਟੀ.ਐਸ.ਨੂੰ ਨਹੀਂ ਭੇਜੀ ਅਤੇ ਨਾ ਹੀ ਐਨਰਜ਼ੀ ਵੈਰੀਏਸ਼ਨ ਰਜਿਸਟਰ ਮੇਨਟੇਨ ਕੀਤਾ। ਜਦੋਂ ਕਿ ਐਨਰਜ਼ੀ ਵੈਰੀਏਸ਼ਨ ਰਜਿਸਟਰ ਇੱਕ ਬਹੁਤ ਹੀ ਜਰੂਰੀ ਅਤੇ ਮਹੱਤਵਪੂਰਨ ਰਿਕਾਰਡ ਹੈ। ਇਹਨਾਂ ਅਣਗਹਿਲੀਆਂ ਲਈ ਅਧਿਕਾਰੀ ਤੇ ਲੱਗੇ ਦੋਸ਼ ਸਿੱਧ ਹੁੰਦੇ ਹਨ ਅਤੇ ਅਧਿਕਾਰੀ ਦੋਸ਼ਾਂ ਪ੍ਰਤੀ ਜਿੰਮੇਵਾਰ ਹੈ।

**ਫੈਸਲਾ:-** ਉਪਰੋਕਤ ਦਰਸਾਏ ਤੱਥਾਂ ਅਤੇ ਅਧਿਕਾਰੀ ਵੱਲੋਂ ਦਿਤੇ ਜੁਆਬ ਤੇ ਕੰਟਰੋਲਿੰਗ ਅਧਿਕਾਰੀਆਂ ਦੀਆਂ ਟਿਪਣੀਆਂ ਅਤੇ ਮੁੱਖ ਇੰਜ:/ਥਰਮਲ ਡਿਜਾਇਨ, ਪਟਿਆਲ ਵੱਲੋਂ ਕੀਤੀ ਵਿਭਾਗੀ ਪੜਤਾਲ ਦੀ ਰਿਪੋਰਟ ਅਤੇ ਨਿਰਦੇਸ਼ਕ/ਵੰਡ ਵੱਲੋਂ ਦਿਤੀ ਗਈ ਨਿੱਜੀ ਸੁਣਵਾਈ ਦੇ ਸਿੱਟੇ ਅਤੇ ਫਾਇਲ ਵਿੱਚ ਦਰਸਾਏ ਤੱਥਾ ਨੂੰ ਧਿਆਨ ਵਿੱਚ ਰੱਖਦੇ ਹੋਏ। ਦੋਸ਼ ਸੂਚੀ ਦਾ ਫੈਸਲਾ ਨਿਮਨ-ਹਸਤਾਖਰ ਵੱਲੋਂ ਇਸ ਪ੍ਰਕਾਰ ਕੀਤਾ ਜਾਂਦਾ ਹੈ ਕਿ ਅਧਿਕਾਰੀ ਵੱਲੋਂ ਖਪਤਕਾਰ ਕੇਸ ਦੀ ਫਾਈਲ ਪ੍ਰਾਪਤ ਕਰਨ ਲਈ ਕੋਈ ਠੋਸ ਉਪਰਾਲੇ ਨਹੀਂ ਕੀਤੇ ਗਏ। ਅਧਿਕਾਰੀ ਨੇ ਇਸ ਕੁਨੈਕਸ਼ਨ ਦੇ ਰਲੀਜ਼

8/6/23

ਹੋਣ ਦੀ ਸੂਚਨਾ ਐਮ.ਐਮ.ਟੀ.ਐਸ.ਨੂੰ ਨਹੀਂ ਭੇਜੀ ਅਤੇ ਨਾ ਹੀ ਐਨਰਜ਼ੀ ਵੈਰੀਏਸ਼ਨ ਰਜਿਸਟਰ ਮੇਨਟੇਨ ਕੀਤਾ। ਜਦੋਂ ਕਿ ਐਨਰਜ਼ੀ ਵੈਰੀਏਸ਼ਨ ਰਜਿਸਟਰ ਇੱਕ ਬਹੁਤ ਹੀ ਜਰੂਰੀ ਅਤੇ ਮਹੱਤਵਪੂਰਨ ਰਿਕਾਰਡ ਹੈ। ਇਹਨਾਂ ਅਣਗਹਿਲੀਆਂ ਲਈ ਅਧਿਕਾਰੀ ਤੇ ਲੱਗੇ ਦੋਸ਼ ਸਿੱਧ ਹੁੰਦੇ ਹਨ ਅਤੇ ਅਧਿਕਾਰੀ ਦੋਸ਼ਾਂ ਪ੍ਰਤੀ ਜਿੰਮੇਵਾਰ ਹੈ।

ਇਨ੍ਹਾਂ ਕੀਤੀਆਂ ਅਣਗਹਿਲੀਆਂ ਕਾਰਨ ਇੰਜ: ਅਮਨਦੀਪ ਕੌਰ,ਏਈਈ,ਕੋਡ ਨੰ: 108463, ਦੀ ਇਕ ਸਲਾਨਾ ਤਰੱਕੀ ਬਿਨ੍ਹਾਂ ਭਵਿਖੀ ਅਸਰ **(Withhold one increment of pay without cumulative effect)** ਸਹਿਤ ਬੰਦ ਕੀਤੀ ਜਾਂਦੀ ਹੈ।

ਇਸ ਲਈ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ ਇੰਜ: ਅਮਨਦੀਪ ਕੋਰ, ਏਈਈ (ਕੋਡ ਨੰ.108463) ਦੀ ਇੱਕ ਸਲਾਨਾ ਤਰੱਕੀ ਬਿਨ੍ਹਾਂ ਭਵਿੱਖੀ ਅਸਰ **(Withhold one increment of pay without cumulative effect)** ਦੇ ਬੰਦ ਕਰਨ ਦੇ ਹੁਕਮ ਜਾਰੀ ਕਰਦਾ ਹੈ।

ਇਹ ਦਫਤਰੀ ਹੁਕਮ ਸਮਰਥ ਅਧਿਕਾਰੀ ਮਾਨਯੋਗ ਸੀ.ਐਮ.ਡੀ. ਜੀ ਦੀ ਪ੍ਰਵਾਨਗੀ ਨਾਲ ਜਾਰੀ ਕੀਤਾ ਜਾਂਦਾ ਹੈ।

ਉਪ ਸਕੱਤਰ/ਤਕਨੀਕੀ-5,
ਪੀ.ਐਸ.ਪੀ.ਸੀ.ਐਲ., ਪਟਿਆਲਾ।

ਪਿੱਠ ਅੰਕਣ ਨੰ. 3809/3824 /ਡੀ-11499/ਤਕਨੀਕੀ- 5 ਮਿਤੀ: 13/6/2023

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) ਸੀਨੀ.ਪੀ.ਐਸ. ਟੂ ਸੀ.ਐਮ.ਡੀ., ਪਟਿਆਲਾ।
2) ਮੁੱਖ ਇੰਜਨੀਅਰ/ਵੰਡ ਉਤਰ ਜੋਨ, ਜਲੰਧਰ
3) ਮੁੱਖ ਇੰਜੀਨੀਅਰ/ ਈ.ਏ. ਅਤੇ ਇਨਫੋਰਸਮੈਂਟ, ਪਟਿਆਲਾ
4) ਉਪ ਮੁੱਖ ਇੰਜਨੀਅਰ/ਵੰਡ ਹਲਕਾ, ਜਲੰਧਰ।
5) ਨਿਗ:ਇੰਜ/ਐਚ.ਆਰ. ਤੇ ਪ੍ਰਬੰਧਕੀ, **PSTCL,** ਪਟਿਆਲਾ ਨੂੰ ਦਫ਼ਤਰੀ ਹੁਕਮ ਦੀ ਵਾਧੂ ਕਾਪੀ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਇਹ ਦਫ਼ਤਰੀ ਹੁਕਮ ਅਧਿਕਾਰੀ ਨੂੰ ਸੌਂਪ ਕੇ ਇਸ ਦੀ ਮਿਤੀ-ਬੱਧ ਪ੍ਰਾਪਤੀ ਰਸੀਦ ਹਰ-ਹਾਲਤ ਵਿਚ ਪ੍ਰਤੀ ਹਸ਼ਤਾਖਰ ਕਰਕੇ ਇਸ ਦਫ਼ਤਰ ਨੂੰ ਭੇਜਣੀ ਯਕੀਨੀ ਬਣਾਈ ਜਾਵੇ। ਰਜਿ
6) ਨਿਗ:ਇੰਜ:/ਇਨਫੋਰਸ਼ਮੈਂਟ, ਜਲੰਧਰ ਨੂੰ ਉਹਨਾਂ ਦੇ ਪੱਤਰ ਨੰ:349 ਮਿਤੀ 11.02.19 ਦੇ ਹਵਾਲੇ ਵਿਚ।
7) ਮੁੱਖ ਵਿੱਤੀ ਅਫ਼ਸਰ, ਪਟਿਆਲਾ।
8) ਸੰਯੁਕਤ ਸਕੱਤਰ/ਸੇਵਾਵਾਂ-1,2 ਅਤੇ 3, ਪਟਿਆਲਾ।
9) ਵਧੀਕ ਨਿਗਰਾਨ ਇੰਜੀਨੀਅਰ/ਵੰਡ ਪੱਛਮ ਮੰਡਲ, ਜਲੰਧਰ।
10) ਲੇਖਾ ਅਫ਼ਸਰ/ਤਨਖਾਹ ਤੇ ਲੇਖਾ, **PSTCL,** ਪਟਿਆਲਾ ਨੂੰ ਦ/ਹੁ ਭੇਜਦੇ ਹੋਏ ਲਿਖਿਆਂ ਜਾਂਦਾ ਹੈ ਕਿ ਇਸ ਦਾ ਇੰਦਰਾਜ ਅਧਿਕਾਰੀ ਦੀ ਸੇਵਾ-ਪੱਤਰੀ ਵਿਚ ਕਰਨਾ/ਕਰਵਾਉਣਾ ਯਕੀਨੀ ਬਣਾਇਆਂ ਜਾਵੇ।
11) ਡਿਪਟੀ ਮੈਨੇਜਰ/ਗੁਪਤ ਗਜਟੀ, ਪਟਿਆਲਾ।
12) ਇੰਜ: ਅਮਨਦੀਪ ਕੋਰ,ਏਈਈ(ਕੋਡ ਨੰ.108463) ਪਤਾ: VPO NAWAN PIND JATTAN, TEH NAKODAR (Mobile no. 9646102356 ਨੂੰ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਇਸ ਦਫਤਰੀ ਹੁਕਮ ਦੀ ਪ੍ਰਾਪਤੀ ਰਸੀਦ ਉਪਰੋਕਤ ਦਫਤਰ ਰਾਹੀਂ ਭੇਜਣੀ ਯਕੀਨੀ ਬਣਾਈ ਜਾਵੇ। ਪ੍ਰਾਪਤੀ ਰਸੀਦ ਤੋਂ ਬਿਨ੍ਹਾਂ ਜੇਕਰ ਆਪ ਵੱਲੋਂ ਭਵਿੱਖ ਵਿਚ ਇਸ ਦਫਤਰੀ ਹੁਕਮ ਵਿਰੁੱਧ ਅਪੀਲ ਕੀਤੀ ਜਾਂਦੀ ਹੈ ਤਾਂ ਉਹ ਵਿਚਾਰਨਯੋਗ ਨਹੀਂ ਹੋਵੇਗੀ ਰਜਿ

ਨੱਥੀ/ਉਪਰੋਕਤ ਅਨੁਸਾਰ
(ਲੜੀ ਨੰ.5 ਨੂੰ ਇੱਕ ਵਾਧੂ ਕਾਪੀ)।

Ashok Kumar 8/6/23
ਸੁਪਰਡੈਂਟ/ਤਕਨੀਕੀ-5,
ਪੀ.ਐਸ.ਪੀ.ਸੀ.ਐਲ., ਪਟਿਆਲਾ।

ਸੀ.ਸੀ.

1) ਜੇਈ ਅਟੈਚਡ ਵਿੱਦ ਉਪ ਮੁੱਖ ਇੰਜੀਨੀਅਰ/ਤਕਨੀਕੀ, ਪਟਿਆਲਾ।
2) ਸ:ਸ:ਸ: ਟੂ ਉਪ ਸਕੱਤਰ/ਤਕਨੀਕੀ-5, ਪਟਿਆਲਾ।

20